# ਲੋਕਤਾ

ਸਤੰਬਰ – 1987

**September - 1987**

ਇਹ ਪੀ ਡੀ ਐਫ ਫਾਈਲ ਸੁਖਵੰਤ ਹੁੰਦਲ ਨੇ ਆਪਣੇ ਪਿਤਾ ਸ਼ਿਵਦੇਵ ਸਿੰਘ ਹੁੰਦਲ ਅਤੇ ਮਾਤਾ ਹਰਬੰਸ ਕੌਰ ਹੁੰਦਲ ਦੀ ਯਾਦ ਵਿੱਚ ਤਿਆਰ ਕੀਤੀ।

ਸ੍ਰੋਤ: ਅਮਰਜੀਤ ਸੂਫੀ ਦੀ ਨਿੱਜੀ ਲਾਇਬ੍ਰੇਰੀ।

Price 25¢ Out of Greater Vancouver 50¢

ਮਾਸਿਕ

# ਲੋਕਤਾ

# The Lokta

Monthly Magazine

ਸਤੰਬਰ 1987 Vol. 11 No. 12 September 1987




ਮੁੱਖ ਚਿੱਤਰ : ਸੰਸਾਰ ਭਰ ਦੀਆਂ ਇਸਤਰੀਆਂ ਆਪਣੇ ਹੱਕਾਂ ਲਈ
ਸੰਘਰਸ਼ਾਂ ਦੇ ਰਾਹ

(1976 ਤੋਂ ਛਪਦਾ ਆ ਰਿਹਾ ਪੰਜਾਬੀ ਦਾ ਸਾਹਿਤਕ ਅਤੇ ਆਮ ਜਾਣਕਾਰੀ ਦੇਣ ਵਾਲਾ ਮਾਸਕ ਪੱਤਰ)

LOKTA BOARD

MANAGER
Harkewal S. Dhaliwal 588-4279

PUBLISHER
Piara Singh Basi
588-7573

EDITORIAL BOARD
'Soofi' Amarjit 581-7811
Surinder S. Sangha 588-5217
Mohinder S. Soomel 327-6461
Gurnam Singh Sanghera 325-1662

CIRCULATION
Jaspal S. Sandhu 596-6984

ADVERTISEMENT
Amarjit Chatha 325-8006

The
**Lokta**
P.O.BOX 67534 STN. 'O'
VANCOUVER, B.C. V5W 3T9

Monthly Magazine — 2nd class Mail Reg. No. 6794

Vol. 11 No. 12 ਸਤੰਬਰ/September — 1987

ਡਾਕ ਰਾਹੀਂ : ਸਾਲਾਨਾ ਚੰਦਾ 10 ਡਾਲਰ
ਮੁੱਲ - 25 ਸੈਂਟ

LOKTA REPRESENTATIVE

| | |
|---|---|
| Ranjit S. Sandhu | Williams Lake (392-7405) |
| Surinder S. Johal | Edmonton (461-6073) |
| Nirmal S. Dhindsa | Brampton (453-8149) |
| Lehamber S. Pooni | Toronto (671-2296) |
| Rajinder S. Dhaliwal | Winnipeg (633-5229) |
| Hardev S. Rai | Calgary (293-3467 |
| Hakam S. Hans | Prince Rupert (624-3284 |
| Surjit S. Bopanrai | Quesnel (992-3849) |

# ਕੀ ਕਿੱਥੇ ਹੈ ?


- ਸੀ. ਪੀ. ਐਮ. ਦਾ ਸਟੈਂਡ — ਕਾ: ਨੰਬੂਦਰੀਪਾਦ — 6
- ਰਾਜੀਵ-ਸਰਕਾਰ ਦੇ ਅਸਤੀਫੇ ਲਈ ਅੰਦੋਲਨ ਦੇ ਨਾਅਰੇ —9
- ਪ੍ਰਧਾਨ ਮੰਤਰੀ ਦਾ ਭਾਸ਼ਨ — 10
- ਸਾਮਰਾਜੀ ਏਜੰਟਾਂ ਨੂੰ ਨਿਖੇੜੋ — 11
- ਦੇਸ਼ ਵਿਰੋਧੀ ਡੂੰਘੀਆਂ ਸਾਜ਼ਸ਼ਾਂ — 13
- ਕਿਊਬਾ ਵਿਰੁਧ ਸੀ. ਆਈ. ਏ. ਦੀਆਂ ਸਾਜ਼ਸ਼ਾਂ — 14
- ਕਵਿਤਾਵਾਂ — 16-17
- ਕਹਾਣੀ — 18
- ਸਾਮਰਾਜੀ ਏਜੰਟਾਂ ਦਾ ਪਰਪੰਚ — 19
- ਰਫੀਊਜੀ ਬਿਲ ਸੀ-55 ਅਤੇ ਸੀ-84 — 22
- ਲਾਲ ਝੰਡਿਆਂ ਪੰਜਾਬ ਢੱਕ ਦਿੱਤਾ — 26


# ਇਸ ਅੰਕ ਦੇ ਵਿਸ਼ੇਸ਼

**ਵਿਸ਼ੇਸ਼ : ਸੀ. ਪੀ. ਐਮ. ਦਾ ਸਟੈਂਡ — ਵੈਨਕੂਵਰ ਵਿਚ ਸਾਮਰਾਜੀ ਏਜੰਟਾਂ ਦਾ ਪਰਪੰਚ, ਰੀਫੀਊਜੀ ਬਿਲ ਅਤੇ ਸੀ. ਪੀ. ਐਮ. ਦੀ ਜਨ ਸੰਪਰਕ ਮੁਹਿੰਮ ਦੀ ਰੀਪੋਰਟ ।**

ਲੇਖਕ ਦੇ ਵਿਚਾਰਾਂ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ ।

# ਰੇਲਵੇ ਹੜਤਾਲ

ਕੈਨੇਡਾ ਦੀਆਂ ਦੋ ਵੱਡੀਆਂ ਰੇਲ ਕੰਪਨੀਆਂ ਸੀ. ਐਨ. ਆਰ. ਅਤੇ ਸੀ. ਪੀ. ਆਰ ਦੇ 48 ਹਜ਼ਾਰ ਮੁਲਾਜ਼ਮਾਂ ਨੇ ਆਪਣੀਆਂ ਹੱਕੀ ਮੰਗਾਂ ਲਈ 24 ਅਗਸਤ ਤੋਂ ਅਣਮਿਥੇ ਸਮੇਂ ਲਈ ਹੜਤਾਲ ਕਰ ਦਿੱਤੀ। ਜਿਸ ਨੇ ਕੈਨੇਡਾ ਦੀ ਆਰਥਕਤਾ ਨੂੰ ਇਕ ਤਰ੍ਹਾਂ ਠੱਕ ਕਰ ਦਿੱਤਾ ਜੋ ਰੇਲਵੇ ਦੀ ਢਾਅ ਢੁਆਈ ਉਤੇ ਸਿਧੇ ਜਾਂ ਅਸਿਧੇ ਤਰ੍ਹਾਂ ਨਿਰਭਰ ਕਰਦੀ ਸੀ। ਇਹ ਹੜਤਾਲ ਰੇਲਵੇ ਮੁਲਾਜ਼ਮਾਂ ਦੀਆਂ ਨੌਂ ਯੂਨੀਅਨਾਂ ਵਲੋਂ ਸਾਂਝੇ ਤੌਰ ਉਤੇ ਜਥੇਬੰਦ ਕੀਤੀ ਗਈ ਸੀ।

ਰੇਲਵੇ ਮੁਲਾਜ਼ਮਾਂ ਦੀਆਂ ਦੋ ਮੁਖ ਮੰਗਾਂ ਸਨ ਇਕ ਸੀ ਕੰਮ ਦੀ ਸਕਿਊਰਿਟੀ ਦੂਜੀ ਕੋਈ ਵੀ ਕੰਮ ਦਾ ਹਿਸਾ ਜੋ ਹੁਣ ਕਰਮਚਾਰੀ ਕਰਦੇ ਹਨ ਪਰਾਈਵੇਟ ਠੇਕੇਦਾਰਾਂ ਨੂੰ ਨਾ ਦਿਤਾ ਜਾਵੇ।

ਕੈਨੇਡਾ ਦੀ ਕੰਜ਼ਰਵੇਟਿਵ ਸਰਕਾਰ ਰੇਲਵੇ ਦੇ ਸਾਰੇ ਕੰਮ ਨੂੰ ਪ੍ਰਾਈਵੇਟ ਹੱਥਾਂ ਵਿਚ ਦੇਣਾ ਚਾਹੁੰਦੀ ਹੈ ਅਤੇ ਅਮਰੀਕਾ ਨਾਲ ਆਜ਼ਾਦ-ਵਪਾਰ ਦੀ ਚਲ ਰਹੀ ਗੱਲਬਾਤ ਨੂੰ ਸਿਰੇ ਚਾੜਨਾ ਚਾਹੁੰਦੀ ਹੈ, ਜਿਸ ਨਾਲ ਰੇਲਵੇ ਅਤੇ ਹੋਰ ਕੰਪਨੀਆਂ ਦੇ ਮੁਨਾਫਿਆਂ ਨੂੰ ਅਮਰੀਕਨ ਮਾਲ ਦੇ ਮੁਕਾਬਲੇ ਵਿਚ ਸੁਰੱਖਤ ਕਰਨਾ ਚਾਹੁੰਦੀ ਹੈ। ਇਹ ਸਭ ਕੁਝ ਰੇਲਵੇ ਮੁਲਾਜ਼ਮਾਂ ਦੇ ਹੱਕਾਂ ਨੂੰ ਕੁਰਬਾਨ ਕਰਕੇ ਅਤੇ ਉਨ੍ਹਾਂ ਦੀ ਕਟੌਤੀ ਕਰਕੇ ਕਰਨਾ ਚਾਹੁੰਦੀ ਹੈ।

ਰੇਲਵੇ ਮੁਲਾਜ਼ਮਾਂ ਦੇ ਏਕੇ ਦੀ ਦ੍ਰਿੜਤਾ ਅਗੇ ਸਰਕਾਰ ਅਤੇ ਕੰਪਨੀਆਂ ਬੁਖਲਾ ਗਈਆਂ। ਉਨ੍ਹਾਂ ਪਾਰਲੀਮੈਂਟ ਵਿਚ ਕਾਨੂੰਨ ਪਾਸ ਕਰ ਦਿੱਤਾ ਕਿ ਮੁਲਾਜ਼ਮਾਂ ਨੂੰ ਕੰਮਾਂ ਉਪਰ ਲਾਜ਼ਮੀ ਪਰਤਣਾ ਪਵੇਗਾ। ਜਿਸ ਦੇ ਸਿੱਟੇ ਵਜੋਂ ਹੜਤਾਲ 29 ਅਗਸਤ ਨੂੰ ਜ਼ਬਰਨ ਖਤਮ ਕਰ ਦਿੱਤੀ ਗਈ। ਸਰਕਾਰ ਦੇ ਇਸ ਡਾਢੇ ਹੁਕਮ ਨੂੰ ਨਾ ਮੰਨਣ ਵਾਲੇ ਕਰਮਚਾਰੀ ਨੂੰ 1000 ਡਾਲਰ ਰੋਜ਼ ਅਤੇ ਯੂਨੀਅਨ ਦੇ ਅਹੁਦੇਦਾਰ ਨੂੰ 10,000 ਡਾਲਰ ਰੋਜ਼ ਜ਼ੁਰਮਾਨਾ ਕਰਨ ਦਾ ਹੁਕਮ ਵੀ ਨਾਲ ਹੀ ਸੀ।

ਹੁਣ ਸਰਕਾਰ ਨੇ ਇਕ ਸਾਲਸ ਮੁਕਰਰ ਕਰ ਦਿੱਤਾ ਹੈ ਜਿਸ ਦਾ ਹੁਕਮ ਮੰਨਣਾ ਲਾਜ਼ਮੀ ਹੋਵੇਗਾ।

ਸਰਕਾਰ ਦੇ ਹੁਕਮ ਦੇ ਫੈਸਲੇ ਵਿਰੁਧ ਰੋਸ ਵਜੋਂ ਕੈਨੇਡਾ ਦੇ ਸਾਰੇ ਵੱਡੇ ਸ਼ਹਿਰਾਂ ਵਿਚ ਰਲਵੇ ਮੁਲਾਜ਼ਮਾਂ ਨੇ ਮੁਜ਼ਾਹਰੇ-ਰੈਲੀਆਂ ਕੀਤੀਆਂ ਕਿ ਸਰਕਾਰ ਨੇ ਉਨ੍ਹਾਂ ਦੇ ਹੜਤਾਲ ਦੇ ਹੱਕ ਨੂੰ ਖੋਹਿਆ ਹੈ ਅਤੇ ਯੂਨੀਅਨਾਂ ਦੇ ਵਿਰੁਧ ਕੰਪਨੀਆਂ ਦੀ ਹਮਾਇਤ ਕੀਤੀ ਹੈ। ਜੋ ਕਿ ਜਮਹੂਰੀ ਹੱਕਾਂ ਨੂੰ ਕੁਚਲਣਾ ਹੈ।

ਹੜਤਾਲ ਦੀ ਸਮਾਪਤੀ ਉਪਰ ਯੂਨੀਅਨ ਆਗੂਆਂ ਨੇ ਕਿਹਾ ਹੈ ਕਿ ਭਾਵੇਂ ਉਨ੍ਹਾਂ ਦੀ ਹੜਤਾਲ ਜਬਰਨ ਖਤਮ ਕਰ ਦਿੱਤੀ ਗਈ ਹੈ ਪਰ ਉਨ੍ਹਾਂ ਦਾ ਸੰਘਰਸ਼ ਵੱਖਰੇ ਰੂਪ ਵਿਚ ਜਾਰੀ ਰਹੇਗਾ। ਜੇਕਰ ਸਾਲਸ ਨੇ ਗੈਰਜਾਨਬਕਾਰ ਫੈਸਲਾ ਨਾ ਦਿੱਤਾ ਤਾਂ ਅਸੀਂ ਚੁੱਪ ਨਹੀਂ ਬੈਠਾਂਗੇ।

# ਪਹਿਲੀ ਕੈਨੇਡੀਅਨ ਪੰਜਾਬੀ ਕਾਨਫਰੰਸ

ਪੰਜਾਬੀ ਲੇਖਕ ਮੰਚ ਵੈਨਕੂਵਰ ਵਲੋਂ, ਵੈਨਕੂਵਰ ਵਿਚ 7,8 ਅਤੇ 9 ਅਗਸਤ ਨੂੰ ਪਹਿਲੀ ਕੈਨੇਡੀਅਨ ਪੰਜਾਬੀ ਕਾਨਫਰੰਸ ਕੀਤੀ ਗਈ। ਜਿਸ ਵਿਚ ਕੈਨੇਡਾ ਭਰ ਤੋਂ ਲੇਖਕਾਂ ਨੇ ਭਾਗ ਲਿਆ।

ਇਸ ਕਾਨਫਰੰਸ ਵਿਚ ਗਿਆਰਾਂ ਪਰਚੇ ਪੜ੍ਹੇ ਗਏ ਜੋ ਕਿ ਕੈਨੇਡਾ ਵਿਚ ਭਾਰਤੀ ਲੋਕਾਂ (ਪੰਜਾਬੀਆਂ) ਦੀਆਂ ਹੁਣ ਤੱਕ ਸਾਹਿਤਕ ਅਤੇ ਸਭਿਆਚਾਰਕ ਸਰਗਰਮੀਆਂ ਦਾ ਲੇਖਾ ਜੋਖਾ ਕਰਦੇ ਹਨ। ਭਾਵੇਂ ਕਿ ਇਸ ਸੰਬੰਧ ਵਿਚ ਕੋਈ ਵੀ ਯਤਨ ਸਦਾ ਹੀ ਅਧੂਰਾ ਰਹੇਗਾ ਕਿਉਂਕਿ ਅਨੇਕਾਂ ਪੱਖਾਂ ਨੂੰ ਕੁਝ ਕੁ ਪਰਚੇ ਆਪਣੇ ਵਿਚ ਸਮੋ ਨਹੀਂ ਸਕਦੇ। ਫਿਰ ਵੀ ਜੋ ਕੁਝ ਹੋਇਆ ਹੈ ਉਹ ਵੀ ਇਕ ਮਹੱਤਵਪੂਰਨ ਸਫਲਤਾ ਹੈ। ਅਗੋਂ ਹੋਰ ਹੋਰ ਵਾਧਿਆਂ ਨਾਲ ਇਨ੍ਹਾਂ ਪਰਚਿਆਂ ਦੇ ਵਿਸ਼ਿਆਂ ਉਪਰ ਲਿਖਿਆ ਜਾ ਸਕਦਾ ਹੈ।

ਇਸ ਕਾਨਫਰੰਸ ਵਿਚ ਇਕ ਗੱਲ ਇਹ ਉਭਰ ਕੇ ਆਈ ਕਿ ਉਹ ਆਪਣੀ ਕਿਸਮ ਦੀ ਪਹਿਲੀ ਕਾਨਫਰੰਸ ਸੀ ਜਿਸ ਨੇ ਸੰਜੀਦਗੀ ਨਾਲ ਨਿਗਰ ਕੰਮ ਕੀਤਾ। ਜਦੋਂ ਕਿ ਏਥੇ ਸ਼ੁਹਰਤ ਅਤੇ ਪ੍ਰਾਪੇਗੰਡੇ ਨੂੰ ਮੁੱਖ ਰੱਖਕੇ ਦਸਾਂ-ਬਾਰਾਂ ਦਿਨਾਂ ਵਿਚ ਹੀ ਕਈ ਲੋਕ ਅੰਤਰਰਾਸ਼ਟਰੀ ਅਤੇ ਬ੍ਰਹਿਮੰਡੀ ਕਾਨਫਰੰਸਾਂ ਕਰਕੇ ਹੱਥਾਂ ਉਪਰ ਸਰੋਂ ਜਮਾਉਂਦੇ ਰਹੇ ਹਨ। ਇਸ ਕਾਨਫਰੰਸ ਤੋਂ ਮਗਰੋਂ ਘੱਟੋ ਘੱਟ ਅਜਿਹੇ ਸ਼ੁਹਰਤ ਦੇ ਭੁਖੜ ਚੌਧਰੀਆਂ ਨੂੰ ਛੇਤੀ ਕੀਤਿਆਂ ਮਜਮੇਂ ਲਾਉਣ ਦੀ ਜ਼ੁਰੱਅਤ ਨਹੀਂ ਪਵੇਗੀ, ਜੇ ਕਰ ਉਹ ਕੁਝ ਈਮਾਨਦਾਰੀ ਤੋਂ ਕੰਮ ਲੈਣ ਵਾਲੇ ਹੋਏ।

ਅਸੀਂ ਸਮਝਦੇ ਹਾਂ ਕਿ ਇਸ ਕਾਨਫਰੰਸ ਦੌਰਾਨ ਕੁਝ ਸਭਿਆਚਾਰਕ ਪਰੋਗਰਾਮ ਕੀਤੇ ਜਾਂਦੇ ਜਿਨ੍ਹਾਂ ਵਿਚ ਬਹੁਤੇ ਲੋਕ ਭਾਗ ਲੈ ਸਕਦੇ। ਭਾਵੇਂ ਕਿ ਕਵੀ ਦਰਬਾਰ ਕੀਤਾ ਗਿਆ ਪਰ ਡਰਾਮੇ ਆਦਿ ਵੀ ਕੀਤੇ ਜਾ ਸਕਦੇ ਸਨ।

ਇਸ ਕਾਨਫਰੰਸ ਵਿਚ ਪਾਕਿਸਤਾਨ ਦੇ ਨਾਵਲਕਾਰ ਫਖਰ ਜ਼ਮਾਨ ਵੀ ਸ਼ਾਮਲ ਹੋਏ ਸਨ, ਜਿਨ੍ਹਾਂ ਦਾ ਪ੍ਰਭਾਵ ਇਹ ਸੀ ਕਿ ਉਹ ਇਸ ਤੋਂ ਬੇਹੱਦ ਪ੍ਰਭਾਵਤ ਹੋਇਆ ਹੈ। ਉਸ ਨੇ ਕਾਨਫਰੰਸ ਦੇ ਪ੍ਰਬੰਧਕ ਪੰਜਾਬੀ ਲੇਖਕ ਮੰਚ ਵੈਨਕੂਵਰ ਨੂੰ ਮੁਬਾਰਕ ਦਿਤੀ ਕਿ ਉਨ੍ਹਾਂ ਅਜਿਹਾ ਨਿਗਰ ਉਦਮ ਕੀਤਾ ਹੈ। ਅਸੀਂ ਲੋਕਤਾ ਵਲੋਂ ਪੰਜਾਬੀ ਲੇਖਕ ਮੰਚ ਨੂੰ ਉਸ ਦੀ ਨਿਗਰ ਸਫਲਤਾ ਅਤੇ ਪ੍ਰਾਪਤੀ ਉਪਰ ਦਿਲੋਂ ਵਧਾਈ ਦਿੰਦੇ ਹਾਂ, ਜਿਸ ਨੇ ਇਸ ਕਾਨਫਰੰਸ ਨੂੰ ਇੰਨੇ ਸੰਜੀਦਗੀ ਅਤੇ ਜਿੰਮੇਵਾਰੀ ਨਾਲ ਸਿਰੇ ਚਾੜ੍ਹਿਆ ਹੈ ਕਿ ਪੰਜਾਬੀ ਲੇਖਕ ਮੰਚ ਨੂੰ ਕੈਨੇਡਾ ਵਿਚ ਪੰਜਾਬੀ ਸਾਹਿਤ ਅਤੇ ਸਭਿਆਚਾਰ ਦੇ ਕੇਂਦਰ ਵਜੋਂ ਸਥਾਪਤ ਕਰ ਦਿੱਤਾ ਹੈ।

# ਸੋਕਰਡ ਸਰਕਾਰ ਅਤੇ ਵੈਲਫੇਅਰ ਕਟੌਤੀ

ਬ੍ਰਿਟਿਸ਼ ਕੁਲੰਬੀਆ ਦੀ ਜਾਣੀ ਜਾਂਦੀ ਲੋਕ ਵਿਰੋਧੀ ਤੇ ਬਦਨਾਮ ਸਰਕਾਰ ਨੇ ਆਪਣੇ ਸੁਭਾਅ ਅਨੁਸਾਰ ਅਤਿ ਗਰੀਬ ਲੋਕਾਂ ਉਪਰ ਇਕ ਹੋਰ ਕੁਹਾੜਾ ਚਲਾਇਆ ਹੈ। ਉਹ ਹੈ ਵੈਲਫੇਅਰ ਦੇ ਰੇਟਾਂ ਵਿਚ ਕਟੌਤੀ। ਉਹ ਲੋਕ ਵੈਲਫੇਅਰ ਲੈਂਦੇ ਹਨ ਜਿਹਨਾਂ ਪਾਸ ਕੋਈ ਕੰਮ ਤੇ ਰੁਜ਼ਗਾਰ ਨਹੀਂ ਅਤੇ ਜੀਵਨ ਨਿਰਬਾਹ ਲਈ ਕੋਈ ਪੈਸਾ ਤੇ ਸਾਧਨ ਨਹੀਂ। ਕੌਣ ਨਹੀਂ ਚਾਹੁੰਦਾ ਕਿ ਉਸ ਪਾਸ ਚੰਗੀ ਰਿਹਾਇਸ਼ ਹੋਵੇ, ਖਾਣ ਲਈ ਵਧੀਆ ਰੋਟੀ ਅਤੇ ਫਿਰਨ ਤੁਰਨ ਲਈ ਚੰਗੀ ਕਾਰ ਅਤੇ ਰਹਿਣ ਸਹਿਣ ਦਾ ਚਜ਼ਗਾ ਸਟੈਂਡਰਡ। ਅਸਲ ਵਿਚ ਸਰਮਾਏਦਾਰੀ ਦੇਸ਼ਾਂ ਵਿਚ ਤਾਂ ਕੁੱਲੀ, ਗੁੱਲੀ ਅਤੇ ਜੁੱਲੀ ਆਦਿ ਦੇ ਬੁਨਿਆਦੀ ਹੱਕ ਹੀ ਨਹੀਂ ਜੋ ਸਮਾਜਵਾਦੀ ਦੇਸ਼ਾਂ ਵਿਚ ਹਨ। ਇਥੇ ਸਰਮਾਏਦਾਰੀ ਜਮਹੂਰੀਅਤ ਅਤੇ ਆਜ਼ਾਦੀ ਦੇ ਨਾਮ ਤੇ ਬੇ-ਰੁਜ਼ਗਾਰੀ, ਭੁਖ ਮਰੀ, ਅਤੇ ਉਚ ਵਿਦਿਆ ਤੋਂ ਵਾਂਝੇ ਰੱਖਣ ਦੇ ਹੱਕ ਹਨ।

ਬੀ. ਸੀ. ਦੀ ਸੋਕਰਡ ਸਰਕਾਰ ਤਾਂ ਅਤਿ ਪਿਛਾਖੜੀ ਕਦਮਾਂ ਅਤੇ ਨੀਤੀਆਂ ਲਈ ਜਾਣੀ ਜਾਂਦੀ ਹੈ ਇਥੋਂ ਤਕ ਕਿ ਦੱਖਣੀ ਅਫਰੀਕਾ ਦੀ ਨਸਲਵਾਦੀ ਤੇ ਫਾਸ਼ੀ ਸਰਕਾਰ ਨਾਲ ਵੀ ਵਪਾਰ ਕਰਨ ਦੇ ਬਿਆਨ ਦਿੰਦੀ ਤੇ ਤਿਆਰ ਹੈ। ਸਰਮਾਏਦਾਰ ਸਰਕਾਰ ਦੀਆਂ ਨੀਤੀਆਂ ਤਾਂ ਹੁੰਦੀਆਂ ਹੀ ਬਹੁ-ਗਿਣਤੀ ਲੋਕਾਂ ਦੇ ਵਿਰੁਧ। ਇਹ ਬੇ-ਇਨਸਾਫੀ, ਵਿਤਕਰਾ, ਪਾੜਾ ਅਤੇ ਨਾ-ਬਰਾਬਰੀ ਦਾ ਕਾਰਨ ਤੇ ਮੁਦੱਈ ਹੈ। ਆਜ਼ਾਦ ਆਰਥਕਤਾ ਦੇ ਨਾਮ ਤੇ ਲੁੱਟ ਮਾਰ ਦੀ ਖੁੱਲੀ ਦਿੰਦੀ ਹੈ। ਅਮੀਰਾਂ ਨੂੰ ਹੋਰ ਅਮੀਰ ਕਰਨ ਲਈ ਸਰਕਾਰੀ ਅਦਾਰਿਆਂ

ਤੇ ਚੀਜ਼ਾਂ ਨੂੰ ਪ੍ਰਾਈਵੇਟ ਹੱਥਾਂ ਵਿਚ ਦੇ ਰਹੀ ਹੈ। ਪੈਸੇ ਦੀ ਘਾਟ ਅਤੇ ਫਜ਼ੂਲ ਖਰਚੀ ਨੂੰ ਰੋਕਣ ਦੇ ਨਾਮ ਉਪਰ ਲੋਕਾਂ ਲਈ ਬੁਨਿਆਦੀ ਸਮਾਜਿਕ ਸੇਵਾਵਾਂ ਉਪਰ ਜ਼ਬਰਦਸਤ ਹਮਲੇ ਕਰ ਰਹੀ ਹੈ । ਅਮੀਰ ਨੂੰ ਪਾਲਣ ਲਈ ਗਰੀਬ ਦਾ ਗਲ ਕੱਟਦੀ ਹੈ। ਬੀ ਸੀ ਦਾ ਪ੍ਰੀਮੀਅਰ ਬਿਲ ਵੈਂਡਰਜ਼ਾਮ ਤਾਂ ਪਿਛੋਖਿਚੂ ਕਦਮਾਂ ਤੇ ਬਿਆਨਾਂ ਲਈ ਮੰਤਰੀ ਹੋਣ ਦੇ ਸਮੇਂ ਤੋਂ ਹੀ ਪ੍ਰਸਿੱਧ ਹੈ ਜਦੋਂ ਇਸ ਨੇ ਆਖਿਆ ਸੀ ਕਿ ਵੈਲਫੇਅਰ ਤੇ ਜਾਣ ਵਾਲਿਆਂ ਦੇ ਹੱਥੀਂ ਕਹੀਆਂ (ਸ਼ਾਵਲਾਂ) ਫੜਾਉਣੀਆਂ ਚਾਹੀਦੀਆਂ ਹਨ ਅਤੇ ਜੇ ਉਹ ਦਿਤੇ ਗਏ ਕੰਮ ਨੂੰ ਨਹੀਂ ਕਰਦੇ ਤਾਂ ਵੈਲਫੇਅਰ ਬੰਦ ਚਾਹੀਦਾ ਹੈ । ਇਸ ਤਰ੍ਹਾਂ ਦਾ ਇਕ ਐਕਸ਼ਨ ਹੁਣੇ ਹੀ ਕੀਤਾ ਹੈ। 200 ਵੈਲਫੇਅਰ ਵਾਲਿਆਂ ਨੂੰ ਵੈਲਫੇਅਰ ਤੋਂ ਵੀ (ਭਾਵ ਗਰੀਬੀ ਦੀ ਲਕੀਰ ਤੋਂ ਵੀ ਥੱਲੇ) ਥੱਲੇ ਦੇ ਰੇਟ ਤੇ ਕੰਮ ਲਈ ਆਖਿਆ ।

ਹੁਣ ਜੋ ਬੀ ਸੀ ਦੀ ਸਰਕਾਰ ਨੇ ਐਕਸ਼ਨ ਕੀਤਾ ਉਹ ਇਕ ਪਾਸੇ ਖਰ ਦਿਮਾਗ, ਬਦ-ਮਗਜ਼ ਦਾ ਜਾਪਦਾ ਹੈ ਪਰ ਦੂਜੇ ਪਾਸੇ ਉਹ ਸੋਚੀ ਸਮਝੀ ਨੀਤੀ ਅਨੁਸਾਰ। ਇਹ ਹੈ ਵੈਲਫੇਅਰ ਵਾਲੇ ਲੋਕਾਂ ਨੂੰ ਅੱਗੇ ਤੋਂ ਹਰ ਮਹੀਨੇ ਛੇ ਡਾਲਰ ਘੱਟ ਦੇਣੇ। ਇਹ ਕਿਵੇਂ ਤੇ ਕਿਉਂ ? ਕਿਉਂਕਿ ਬੀ ਸੀ ਦੀ ਸੁਪਰੀਮ ਕੋਰਟ ਨੇ ਇਹ ਫੈਸਲਾ ਦਿਤਾ ਹੈ ਕਿ ਉਮਰ ਦੇ ਆਧਾਰ ਤੇ ਵੈਲਫੇਅਰ ਦੇ ਵੱਖੋ ਵੱਖਰੇ ਰੇਟ ਚਾਰਟਰ ਔਫ ਰਾਈਟਸ ਦੇ ਵਿਰੁਧ ਹਨ। ਸੋ ਉਸ ਦਾ ਭਾਵ ਸੀ ਕਿ ਜਿਹੜੇ ਲੋਕਾਂ ਨੂੰ ਉਮਰ ਦੇ ਕਾਰਨ ਘੱਟ ਪੈਸੇ ਮਿਲਦੇ ਹਨ, ਉਹ ਗਲਤ ਹੈ ਤੇ ਬਰਾਬਰ ਇਕੋ ਜਿਹੇ ਚਾਹੀਦੇ ਹਨ । ਸੋ ਚਾਹੀਦਾ ਤਾਂ ਇਹ ਸੀ ਕਿ ਜੋ ਛੇ ਡਾਲਰ ਦਾ ਫਰਕ ਸੀ, ਉਹ ਘੱਟ ਵਾਲਿਆਂ ਨੂੰ ਮਹੀਨੇ ਪਿਛੇ ਛੇ ਡਾਲਰ ਵੱਧ ਦਿਤੇ ਜਾਂਦੇ ਪਰ ਸੋਕਰਡ ਸਰਕਾਰ ਨੇ ਇਕੋ ਜਿਹਾ ਕਰਨ ਲਈ ਦੂਜਿਆਂ ਦੇ ਵੀ ਹਰ ਮਹੀਨੇ ਦੇ ਛੇ ਡਾਲਰ ਘੱਟ ਕਰ ਦਿੱਤੇ ।

ਮਸਲਾ ਸੀ ਕਿ 26 ਸਾਲ ਦੀ ਉਮਰ ਤੋਂ ਘੱਟ ਦੇ ਇਕੱਲੇ ਅਤੇ ਜਿਸ ਜੋੜੇ ਦੇ ਬੱਚਾ ਨਹੀਂ ਅਤੇ ਉਹਨਾਂ ਦੀ ਉਮਰ 26 ਸਾਲ ਤੋਂ ਘੱਟ ਹੈ ਨੂੰ 1984 ਤੋਂ ਹੀ ਘੱਟ ਪੈਸੇ ਮਿਲਦੇ ਸਨ। ਸੋ ਦੋ ਕਿਸਮ ਦੇ ਰੇਟ ਸਨ। 26 ਸਾਲ ਦੀ ਉਮਰ ਤੋਂ ਉਪਰ ਵਾਲਿਆਂ ਨੂੰ ਛੇ ਡਾਲਰ ਵੱਧ। ਵੈਸੇ ਤਾਂ ਕਈ ਗਰੇਡ ਅਤੇ ਕੈਟੇਗਰੀਆਂ ਹਨ ਜਿਵੇਂ 65 ਸਾਲ ਦੀ ਉਮਰ ਤੋਂ ਉਪਰ ਵੱਧ ਰੇਟ ਹੈ ਅਤੇ ਥੱਲੇ ਘੱਟ। ਜਦੋਂ ਇਕ 26 ਸਾਲ ਤੋਂ ਘੱਟ ਉਮਰ ਦੇ ਨੇ ਸ਼ਿਕਾਇਤ ਕੀਤੀ ਅਤੇ ਫਿਰ ਕਚਿਹਰੀ ਵਿਚ ਕੇਸ ਲੈ ਗਿਆ ਤਾਂ ਸੁਪਰੀਮ ਕੋਰਟ ਦੇ ਜੱਜ ਸਪਿਨਸਰ ਨੇ ਫੈਸਲਾ ਦਿਤਾ ਕਿ ਇਹ ਰੂਲ ਗਲਤ ਹੈ। ਸੋ ਬਜਾਏ ਕਿ ਸਰਕਾਰ ਰੇਟ ਉਤਾਂਹ ਚੁੱਕਦੀ, ਉਸ ਨੇ ਇਖਲਾਕੀ ਤੌਰ ਤੇ ਅਤਿ ਮਾੜਾ ਅਤੇ ਸਿਆਸੀ ਤੌਰ ਤੇ ਮੌਕਾਪ੍ਰਸਤ ਅਤੇ ਲੋਕ ਵਿਰੋਧੀ ਅਮਲ ਕੀਤਾ ।

ਸੁਪਰੀਮ ਕੋਰਟ ਦੇ ਹੁਕਮ ਅਨੁਸਾਰ 26 ਸਾਲ ਤੋਂ ਥੱਲੇ ਦੇ ਬਾਈ ਹਜ਼ਾਰ ਬੰਦਿਆਂ ਦੇ ਪੈਸੇ ਵਧਣੇ ਚਾਹੀਦੇ ਸਨ ਜੋ ਕੁਝ ਸਟੇਜਾਂ ਵਿਚ 334 ਡਾਲਰ ਮਹੀਨਾ ਤੋਂ 378 ਡਾਲਰ ਹੋਣਗੇ। ਸੋ ਉਹਨਾਂ ਦੇ ਰੇਟ ਪੂਰੇ ਕਰਨ ਲਈ ਸਰਕਾਰ ਨੇ ਦੂਜੇ ਪੰਜਾਹ ਹਜ਼ਾਰ ਵੈਲਫੇਅਰ ਵਾਲਿਆਂ ਦੇ ਛੇ ਡਾਲਰ ਮਹੀਨੇ ਦੇ ਘਟਾ ਦਿੱਤੇ ਹਨ ਜੋ 26 ਸਾਲ ਜਾਂ 26 ਸਾਲ ਤੋਂ ਉਪਰ ਦੇ ਇਕੱਲੇ (Single) ਜਾਂ ਵਿਆਹੁਤਾ ਜੋੜਾ ਜਿਸ ਦੇ ਬੱਚੇ ਨਹੀਂ ਹਨ । ਵੇਖਿਆ ਇਨਸਾਫ ਤੇ ਬਰਾਬਰੀ ? ਘਰ ਦਾ ਕਿਰਾਇਆ, ਰੋਟੀ ਅਤੇ ਕੱਪੜੇ ਆਦਿ ਦਾ 384 ਡਾਲਰ ਮਹੀਨਾ ਨਾਲ ਤਾਂ ਪਹਿਲਾਂ ਹੀ ਨਹੀਂ ਸਰਦਾ — ਹੁਣ ਸਗੋਂ ਹੋਰ ਕਟੌਤੀ। ਅਜੇ ਭਵਿਖ ਵਿਚ ਤਾਂ ਇਹ ਵੈਲਫੇਅਰ ਦੇ ਖਾਤਮੇ ਲਈ ਸੋਚਦੇ ਹਨ ਭਾਵੇਂ ਲੋਕ ਇਹ ਕਰਨ ਨਾ ਦੇਣ।

ਆਖਦੇ ਹਨ ਪੈਸੇ ਨਹੀਂ। ਪਰ ਐਕਸਪੋ ਵਰਗੀਆਂ ਕਰੋੜਾਂ ਡਾਲਰ ਘਾਟਾ ਪਾਉਣ ਵਾਲੀਆਂ ਪਰੌਜੈਕਟਾਂ ਤੇ ਮੇਲੇ ਤਾਂ ਕਰ ਸਕਦੇ ਹਨ, ਜਾਪਾਨ ਨੂੰ ਕਰੋੜਾਂ ਡਾਲਰ ਦੇ ਘਾਟੇ ਤੇ ਕੋਲਾ ਵੇਚਦੇ ਹਨ ਅਤੇ ਅਮਰੀਕਾ ਨੂੰ ਮੁਫਤੋਂ ਮੁਫਤੀ ਬਿਜਲੀ। ਪਰ ਇਧਰ ਗਰੀਬ ਨੂੰ ਛੇ ਡਾਲਰ ਹੋਰ ਦੇਣ ਦੀ ਥਾਂ ਸਗੋਂ ਕਟੌਤੀ। ਅਸਲ ਵਿਚ ਨੀਤੀ ਹੀ ਅਮੀਰ ਨੂੰ ਹੋਰ ਅਮੀਰ ਬਣਾਉਣ ਦੀ ਹੈ। ਇਹ ਲੋਕਾਂ ਨੂੰ ਲਫਜ਼ੀ ਅਤੇ ਪਰਚਾਰਿਕ ਮੁਹਿਜ਼ਮ ਰਾਹੀਂ ਭੁਚਲਾ ਕੇ ਅਤੇ ਅਸਲੀ ਮੰਤਵਾਂ ਨੂੰ ਗੁਮਰਾਹ ਕੁਨ ਢੰਗ ਨਾਲ ਦਸ ਕੇ ਹਕੂਮਤ ਕਰਨ ਦੀ ਕੋਸ਼ਿਸ਼ ਕਰਦੇ ਹਨ। ਪਰ ਹੌਲੀ ਹੌਲੀ ਲੋਕ ਇਹੋ ਜਿਹੀਆਂ ਲੋਕ ਮਾਰੂ ਨੀਤੀਆਂ ਨੂੰ ਸਮਝ ਰਹੇ ਹਨ। ਆਮ ਲੋਕਾਂ ਨੂੰ ਇਹਨਾਂ ਵਾਰੇ ਲਗਾਤਾਰ ਸੂਚਤ ਤੇ ਜਥੇਬੰਦ ਕਰਨ ਦੀ ਲੋੜ ਹੈ । ਸਰਕਾਰ ਦੀ ਹਰ ਸਿਆਸੀ ਚਾਲ ਤੇ ਪਾਲਸੀ ਦੀ ਚੀਰ ਫਾੜ ਕਰਨੀ ਅਤੇ ਇਸ ਰਾਹੀਂ ਲੋਕਾਂ ਨੂੰ ਚੇਤਨ ਕਰਨਾ ਜ਼ਰੂਰੀ ਤਾਂ ਕਿ ਇਹਨਾਂ ਨੀਤੀਆਂ ਦੇ ਵਿਰੁਧ ਆਵਾਜ਼ ਲਾਮਬੰਦ ਹੋਵੇ ।

# ਐਨ. ਡੀ. ਪੀ. ਦੀ ਸਥਿਤੀ

ਕੈਨੇਡਾ ਪੱਧਰ ਉਪਰ, ਕੈਨੇਡਾ ਦੀਆਂ ਤਿੰਨੇ ਰਾਜਨੀਤਕ ਪਾਰਟੀਆਂ ਵਿਚੋਂ ਐਨ. ਡੀ. ਪੀ. ਦੀ ਸਾਖ ਦੂਜੀਆਂ ਪਾਰਟੀਆਂ ਵਲੋਂ ਬਹੁਤ ਅਗੇ ਹੈ। ਐਨ. ਡੀ. ਪੀ. ਦੇ ਲੀਡਰ ਬਰਾਡਬੈਂਟ ਦੀ ਹਰਮਨ ਪਿਆਰਤਾ ਤਾਂ 68 ਪ੍ਰਤੀਸ਼ਤ ਹੈ।

ਲੋਕ ਅੰਦਾਜ਼ਾ ਲਾ ਰਹੇ ਹਨ ਕਿ ਸ਼ਾਇਦ ਅਗਲੀਆਂ ਚੋਣਾਂ ਵਿਚ ਐਨ ਡੀ ਪੀ ਸਰਕਾਰ ਬਣਾ ਜਾਵੇ। ਜਾਂ ਵੱਡੀ ਸ਼ਕਤੀ ਦੇ ਰੂਪ ਵਿਚ ਅਗੇ ਆਵੇ।

ਐਨ. ਡੀ. ਪੀ. ਨੇ ਆਜ਼ਾਦ ਵਪਾਰ ਦੇ ਵਿਰੁਧ ਸਟੈਂਡ ਲਿਆ ਹੈ ਕਿ ਇਸ ਨਾਲ ਕੈਨੇਡਾ ਦੀ ਖੁਦ ਮੁਖਤਾਰੀ ਅਮਰੀਕਨ ਸ਼ਕਤੀ ਦੇ ਅਧੀਨ ਚਲੀ ਜਾਵੇਗੀ। ਉਸਨੇ ਅਮਰੀਕਨ ਫੌਜੀ ਗੁੱਟ ਵਿਚੋਂ ਨਿਕਲ ਆਉਣ ਦੀ ਵੀ ਨੀਤੀ ਦਾ ਐਲਾਨ ਕੀਤਾ ਹੈ। ਇਸ ਦੀ ਵਿਰੋਧਤਾ ਟੋਰੀ ਸਰਕਾਰ ਕਰ ਰਹੀ ਹੈ ਅਤੇ ਇਸ ਆਧਾਰ ਉਪਰ ਆਪਣੀ ਡਿਗੀ ਸਾਖ ਚੁੱਕਣ ਅਤੇ ਚੋਣਾਂ ਦੀ ਜਿੱਤ ਦਾ ਸੁਪਨਾ ਲੈ ਰਹੀ ਹੈ।


**BERNARD SIMPSON & COMPANY**

PRACTICE **RESTRICTED** TO
INJURIES SUFFERED DUE TO
**CAR ACCIDENTS (ICBC CLAIMS)**

ਅਸੀਂ ਕੇਵਲ ਕਾਰ ਐਕਸੀਡੈਂਟ ਸੰਬੰਧੀ ਆਈ. ਸੀ. ਬੀ. ਸੀ.
ਕਲੇਮਾਂ ਨੂੰ ਹੀ ਹੈਂਡਲ ਕਰਦੇ ਹਾਂ

HANDLING CAR ACCIDENTS FOR
OVER 15 YEARS

CONTINGENCY FEES AVAILABLE
(IF NO RECOVERY NO LEGAL FEE)
NO CHARGE FOR INITIAL
CONSULTATION
SITUATED IN THE AUTOMOBILE
ASSOCIATION BUILDING

**734-2272**

999 West Broadway, Vancouver, B.C. V5Z 1K5

ਏਧਰ ਬੀ. ਸੀ. ਵਿਚ ਐਨ. ਡੀ. ਪੀ. ਦਾ ਬਿਲ-19 ਅਤੇ 20 ਸੰਬੰਧੀ ਸਟੈਂਡ ਬਿਲਕੁਲ ਮੌਕਾਪ੍ਰਸਤੀ ਵਾਲਾ ਰਿਹਾ ਹੈ। ਸਗੋਂ ਉਸ ਨੇ ਆਪਣੇ ਅਧਿਕਾਰ ਜਾਂ ਪ੍ਰਭਾਵ ਵਾਲੀ ਬੀ ਸੀ ਫੈਡਰੇਸ਼ਨ ਆਫਿ ਲੇਬਰ ਦੇ ਇਨ੍ਹਾਂ ਬਿਲਾਂ ਵਿਰੁਧ ਐਕਸ਼ਨ ਨੂੰ ਵੀ ਜਾਮ ਕਰ ਦਿੱਤਾ ਹੈ। ਜਿਸ ਦੇ ਨਤੀਜੇ ਵਰਕਰਾਂ ਅਤੇ ਯੂਨੀਅਨਾਂ ਦੇ ਵਿਰੁਧ ਸਾਹਮਣੇ ਆਉਣਾ ਸ਼ੁਰੂ ਹੋ ਗਏ ਹਨ।

ਇਸ ਵੇਲੇ ਬੀ. ਸੀ. ਦੀ ਰਾਜਨੀਤਕ ਸਰਗਰਮੀਆਂ ਉਪਰ ਝਾਤ ਮਾਰਿਆਂ ਨਜ਼ਰ ਆਉਂਦਾ ਹੈ ਕਿ ਜਿਵੇਂ ਬੀ ਸੀ ਵਿਚ ਕੋਈ ਵਿਰੋਧੀ ਪਾਰਟੀ ਹੀ ਨਹੀਂ ਹੈ। ਬਿਲ-19 ਦੇ ਕਾਨੂੰਨ ਬਣਨ ਤੋਂ ਲੈ ਕੇ ਇਥੇ ਐਨ ਡੀ ਪੀ ਦੀ ਹੋਂਦ ਜਿਵੇਂ ਜੰਮ ਗਈ ਹੁੰਦੀ ਹੈ। ਇਸ ਦਾ ਲੀਡਰ ਮਾਈਕ ਹਾਰਕੋਰਟ ਬਿਲਕੁਲ ਚੁਪ ਹੈ ਜਿਵੇਂ ਉਸ ਨੇ ਮੋਨ ਵਰਤ ਰੱਖਿਆ ਹੋਵੇ। ਅਖਬਾਰਾਂ ਵਿਚ ਜਿਵੇਂ ਉਹ ਕੁਝ ਕਹਿਣ ਤੋਂ ਡਰਦਾ ਹੋਵੇ। ਜਾਂ ਇਉਂ ਸਮਝ ਲਵੋ ਕਿ ਉਹ ਸਰਕਾਰ ਦੇ ਬਿਲਾਂ-19 ਅਤੇ 20 ਦੇ ਹੱਕ ਵਿਚ ਹੋਵੇ।

ਪਰ ਅਸਲ ਵਿਚ ਐਨ. ਡੀ. ਪੀ. ਦੇ ਸੋਸ਼ਲ ਡੈਮੋਕਰੇਟਿਕ ਰਾਜਨੀਤਕ ਕਿਰਦਾਰ ਦਾ ਇਹ ਰੂਪ ਹੀ ਹੈ ਕਿ ਵਰਕਰਾਂ ਨੂੰ ਜਦੋ ਜਹਿਦਾਂ ਅਤੇ ਹੋਰਨਾਂ ਸੰਘਰਸ਼ਾਂ ਤੋਂ ਦੂਰ ਹੀ ਰੱਖੇ। ਜੇਕਰ ਵਰਕਰ ਇਨ੍ਹਾਂ ਸੰਘਰਸ਼ਾਂ ਵਿਚ ਭਾਗ ਲੈਣਗੇ ਤਾਂ ਉਹ ਐਨ. ਡੀ. ਪੀ. ਤੋਂ ਹੋਰ ਜ਼ਿਆਦਾ ਆਸਾਂ ਦੀ ਮੰਗ ਕਰਨਗੇ, ਜੋ ਕਿ ਇਸ ਦੇ ਕੌਮੀ ਸਰਮਾਏਦਾਰੀ ਦੀ ਜਾਂ ਕਹੋ ਮੱਧ ਵਰਗ ਦੀ ਪਾਰਟੀ ਦੇ ਤੌਰ ਉਪਰ ਕਰਨਾ ਅਸੰਭਵ ਹੋਵੇਗਾ। ਐਨ. ਡੀ. ਪੀ. ਇੰਨਾ ਹੀ ਚਾਹੁੰਦੀ ਹੈ ਕਿ ਵਰਕਰ ਉਨ੍ਹਾਂ ਉਪਰ ਪੂਰਾ ਵਿਸ਼ਵਾਸ ਰੱਖ ਕੇ ਚੁੱਪ ਚਾਪ ਘਰੇ ਬੈਠਣ, ਕੋਈ ਰਾਜਨੀਤਕ ਸਰਗਰਮੀ ਨਾ ਕਰਨ। ਐਨ. ਡੀ. ਪੀ. ਆਪ ਹੀ ਉਨ੍ਹਾਂ ਦੀ ਲੜਾਈ ਲੜਕੇ ਜਿੱਤ ਦਾ ਫਲ ਉਨ੍ਹਾਂ ਨੂੰ ਅਨੰਦ ਨਾਲ ਖਾਣ ਨੂੰ ਦੇ ਦੇਵੇਗੀ।

ਇਹੋ ਕਾਰਨ ਸੀ ਕਿ ਬਿਲ-19 ਦੇ ਪੇਸ਼ ਹੋਣ ਦੇ ਸਮੇਂ ਮਿ: ਮਾਈਕ ਹਾਰਕੋਰਟ ਨੇ ਵਰਕਰਾਂ ਨੂੰ ਕਿਹਾ ਸਿਰਫ 1000 ਦਿੱਨ ਤੱਕ ਇੰਤਜ਼ਾਰ ਕਰੋ। ਭਾਵ ਫਿਰ ਉਹ ਬੀ ਸੀ ਵਿਚ ਜਿੱਤ ਕੇ ਇਸ ਬਿੱਲ ਨੂੰ ਖਤਮ ਕਰ ਦੇਵੇਗਾ। ਪਰ ਉਨ੍ਹਾਂ ਨੂੰ ਬੇਹਰਕਤ ਕਰਨ ਵਿਚ ਮਾਈਕ ਨੂੰ ਕਿਹੜੇ ਭੈ ਤੋਂ ਛੁਟਕਾਰਾ ਨਜ਼ਰ ਆਉਂਦਾ ਸੀ। ਉਹ ਇਹੋ ਸੀ ਕਿ ਉਹ ਵਰਕਰਾਂ ਨੂੰ ਸੰਘਰਸ਼ ਦੇ ਰਾਹ ਪਿਆ ਨਹੀਂ ਦੇਖਣਾ ਚਾਹੁੰਦਾ।

ਇਹ ਬੀ ਸੀ ਵਿਚ ਐਨ ਡੀ ਪੀ ਦੀ ਇਕ ਨਿੰਦਣਯੋਗ ਮੌਕਾਪ੍ਰਸਤੀ ਹੈ। ਭਾਵੇਂ ਕਿ ਹਰ ਵਿਅਕਤੀ ਜੋ ਕਿਸੇ ਵੀ ਵਿਚਾਰ ਦਾ ਕਿਉਂ ਨਾ ਹੋਵੇ ਉਹ ਸੋਕਰਡਾਂ ਦੀ ਹਾਰ ਦੇਖਣਾ ਚਾਹੁੰਦਾ ਹੈ ਅਤੇ ਐਨ. ਡੀ. ਪੀ. ਦੀ ਜਿੱਤ ਦੇਖਣਾ ਚਾਹੁੰਦਾ ਹੈ। ਪਰ ਐਨ ਡੀ ਪੀ ਆਪਣੇ ਸੋਸ਼ਲ ਡੈਮੋਕਰੇਟਿਕਾਂ ਵਾਲੇ ਮੌਕਾਪ੍ਰਸਤ ਕਿਰਦਾਰ ਨੂੰ ਛੁਪਾਉਣ ਤੋਂ ਅਸਮਰਥ ਹੈ।

## 'ਰਫੀਊਜੀ' ਅਤੇ ਗੁਰਦੁਆਰਾ

174 ਕਥਿਤ ਰੀਫੀਊਜੀਆਂ ਵਿਚੋਂ ਕੁਝ ਵੈਨਕੂਵਰ ਆਏ, ਜਿੰਨ੍ਹਾਂ ਵਿੱ ਕੁਝ ਨੂੰ ਉਨ੍ਹਾਂ ਦੇ ਮਿਤਰਾਂ ਜਾਂ ਰਿਸ਼ਤੇਦਾਰਾਂ ਨੇ ਸੰਭਾਲ ਲਿਆ ਅਤੇ ਘਰ ਲੈ ਗਏ। ਇਨ੍ਹਾਂ ਘਰ ਲਿਜਾਣ ਵਾਲਿਆਂ ਬਾਰੇ ਕਈ ਤਰ੍ਹਾਂ ਦੀਆਂ ਕਹਾਣੀਆਂ ਵੀ ਸੁਣੀਆਂ ਜਾ ਰਹੀਆਂ ਹਨ, ਪਰ ਅਸੀਂ ਉਸ ਪਾਸੇ ਨਹੀਂ ਜਾਣਾ ਚਾਹੁੰਦੇ। ਪਰ ਬਾਕੀ ਜੋ 20 ਦੇ ਕਰੀਬ ਇਹ ਕਥਿਤ ਰੀਫੀਊਜੀ ਰੌਸ ਸਟਰੀਟ ਗੁਰਦੁਆਰੇ ਲਾਗੇ ਦੇ ਹਿਸੇ ਗੁਰੂ ਅਮਰਦਾਸ ਨਵਾਸ ਵਿਚ ਠਹਿਰੇ ਹੋਏ ਹਨ। ਇਨ੍ਹਾਂ ਦੇ ਉਥੇ ਠਹਿਰਨ ਬਾਰੇ ਕਾਫੀ ਰੌਲਾ ਵੈਨਕੂਵਰ ਸਿਟੀ ਦੇ ਅਧਿਕਾਰੀਆਂ ਦੇ ਚੈਕ ਕਰਨ, ਉਨ੍ਹਾਂ ਨੂੰ ਇਜਾਜ਼ਤ ਦੇਣ ਆਦਿ ਬਾਰੇ ਕੈਨੇਡੀਅਨ ਪ੍ਰੈਸ ਵਿਚ ਦੇਖਣ—ਸੁਣਨ ਵਿਚ ਆਇਆ ਹੈ।

ਗੁਰਦੁਆਰੇ ਦੇ ਪ੍ਰਬੰਧਕ ਇਨ੍ਹਾਂ ਦੇ ਆਉਣ ਤੋਂ ਹੀ ਦੁਹਾਈ ਪਾ ਰਹੇ ਸਨ ਕਿ ਅਸੀਂ ਉਨ੍ਹਾਂ ਲੋਕਾਂ ਨੂੰ ਸਾਂਭਾਂਗੇ, ਇੰਨ੍ਹਾਂ ਦੀ ਸੰਭਾਲ ਲਈ ਢਾਈ ਲੱਖ ਡਾਲਰ ਤੋਂ ਵੱਧ ਇਕੱਠਾ ਕੀਤੇ ਜਾਣ ਬਾਰੇ ਵੀ ਮੀਡੀਏ ਵਿਚ ਖਬਰਾਂ ਆਈਆਂ ਹਨ। ਵੈਨਕੂਵਰ ਦੇ ਸਿਟੀ ਅਧਿਕਾਰੀਆਂ, ਇਨ੍ਹਾਂ 'ਰਫੀਊਜੀਆਂ' ਨੂੰ ਸਤੰਬਰ ਦੇ ਅੰਤ ਤੱਕ ਠਹਿਰਨ ਦੀ ਆਗਿਆ ਦੇ ਦਿੱਤੀ ਹੈ। ਹੁਣ ਪ੍ਰਬੰਧਕ ਕਹਿ ਰਹੇ ਹਨ ਕਿ ਅਗਲੇ ਸਾਲ ਜਨਵਰੀ ਦੇ ਅੰਤ ਤੱਕ ਠਹਿਰਨ ਦੀ ਇਜਾਜ਼ਤ ਦਿੱਤੀ ਜਾਵੇ। ਇਹ ਇਜਾਜ਼ਤ ਦੇਣੀ ਜਾਂ ਨਾ ਦੇਣੀ ਸਿਟੀ ਅਧਿਕਾਰੀਆਂ ਉਪਰ ਨਿਰਭਰ ਕਰਦਾ ਹੈ। ਪਰ ਇਹ ਸਵਾਲ ਉਠਦਾ ਹੈ ਕਿ ਪ੍ਰਬੰਧਕ ਜਾਣਦੇ ਹਨ ਕਿ ਸਿਟੀ ਦੇ ਬਾਈ-ਲਾਅਜ਼ ਕੀ ਹਨ। ਕੀ ਉਨ੍ਹਾਂ ਨੂੰ ਧੱਕੇ ਨਾਲ ਤੋੜਨਾ ਜਾਂ ਤੋੜਨ ਲਈ ਨਸ਼ਲੀ ਵਿਤਕਰੇ ਦਾ ਸਹਾਰਾ ਲੈਣਾ ਵਾਜਬ ਹੈ? ਕੀ ਇਸ ਤਰ੍ਹਾਂ ਕੈਨੇਡੀਅਨ ਕਮਿਊਨਿਟੀ ਵਿਚ ਸਾਡੀ ਪਹਿਲਾਂ ਹੀ ਡਿੱਗੀ ਹੋਈ ਸਾਖ ਹੋਰ ਨਹੀਂ ਡਿੱਗੇਗੀ? ਜੇਕਰ ਬਾਕੀ ਧਰਮ ਸਥਾਨਾਂ ਵਿਚ ਚਰਚਾਂ, ਮੰਦਰਾਂ, ਮਸਜਦਾਂ ਵਿਚ ਇਸ ਤਰ੍ਹਾ ਠਹਿਰਨ ਦੀ ਇਜਾਜ਼ਤ ਹੈ ਤਾਂ ਗੁਰਦੁਆਰੇ ਵਿਚ ਵੀ ਮਿਲਣੀ ਚਾਹੀਦੀ ਹੈ ਜੇਕਰ ਨਹੀਂ ਤਾਂ ਗੁਰਦੁਆਰੇ ਵਿਚ ਠਹਿਰਨ ਲਈ ਇਜਾਜ਼ਤ ਮੰਗਣ ਲਈ ਜ਼ੋਰ ਲਾਉਣਾ ਕਿਸ ਹੱਦ ਤੀਕ ਠੀਕ ਹੈ?

ਇਥੇ 250000 ਡਾਲਰ ਜੋ ਸਹਾਇਤਾ ਲਈ ਇਕੱਠਾ ਹੋਇਆ ਕਿਹਾ ਗਿਆ ਸੀ, ਉਸ ਬਾਰੇ ਪੁਛਣਾ ਬਣਦਾ ਹੈ ਕਿ ਉਹ ਕਿਥੇ ਗਿਆ ਹੈ? ਜੇ ਉਹ ਜ਼ਮ੍ਹਾਂ ਪਿਆ ਹੈ ਤਾਂ ਉਸ ਵਿਚੋਂ ਕਿਉਂ 500 ਡਾਲਰ ਉਪਰ ਛੇ ਘਰ ਕਿਰਾਏ ਉਪਰ ਨਹੀਂ ਲਏ ਜਾਂਦੇ? ਇਸ ਤਰ੍ਹਾਂ ਤਿੰਨ ਹਜ਼ਾਰ ਮਹੀਨੇ ਦਾ ਖਰਚ ਆਵੇਗਾ ਅਤੇ ਸਾਲ ਦੇ ਅਖੀਰ ਤਕ ਤਿੰਨ ਮਹੀਨਿਆਂ ਦਾ 9 ਹਜ਼ਾਰ ਡਾਲਰ ਖਰਚ ਆਵੇਗਾ। ਇਸ ਤਰ੍ਹਾਂ ਉਹ ਇਕੱਠੇ ਕੀਤੇ ਡਾਲਰ ਜਿਸ ਮਨੋਰਥ ਲਈ ਇਕੱਠੇ ਕੀਤੇ ਹਨ ਕਿਉਂ ਨਹੀਂ ਖਰਚ ਕੀਤੇ ਜਾ ਰਹੇ?

ਜਾਪਦਾ ਇੰਨ੍ਹਾਂ ਵੀਹ ਬੰਦਿਆਂ ਨੂੰ ਗੁਰਦੁਆਰੇ ਵਿਚ ਵੱਧ ਤੋਂ ਵੱਧ ਸਮਾਂ ਰੱਖ ਕੇ ਕੁਝ ਬੰਦੇ ਆਪਣੇ ਰਾਜਨੀਤਕ ਮਨੋਰਥ ਲਈ ਵਰਤ ਸਕਦੇ ਹਨ। ਇੰਨ੍ਹਾਂ ਦੀ ਆੜ ਵਿਚ ਵੱਧ ਤੋਂ ਵੱਧ ਪੈਸੇ ਇਕੱਠੇ ਕਰਨ ਦਾ ਯਤਨ ਕਰਦੇ ਸੁਣੇ ਜਾ ਰਿਹਾ ਹੈ। ਜਿਵੇਂ ਕਿਧਰੇ ਇਨ੍ਹਾਂ ਰੀਫੀਊਜੀਆਂ ਦਾ ਆਉਣ ਇਕ ਤਰ੍ਹਾਂ ਨਾਲ

ਬਾਕੀ ਸਫਾ 13 ਉਤੇ


**ASHOKA TRADING CO. LTD.**

*6621 MAIN STREET, VANCOUVER. B.C.*

**324-7521**

• ਕਢਾਈ ਵਾਲੀਆਂ ਅਤੇ ਸਿਲਕ ਦੀਆਂ ਵਧੀਆ ਸਾੜ੍ਹੀਆਂ ਭਾਰਤ ਤੋਂ ਅਤੇ ਪ੍ਰਿੰਟਿਡ ਅਤੇ ਪਲੇਨ ਸਾੜ੍ਹੀਆਂ ਜਾਪਾਨ ਤੋਂ ਸਿੱਧੀਆਂ ਮੰਗਵਾਈਆਂ ਜਾਂਦੀਆਂ ਹਨ। **ਕੇਵਲ ਹੋਲ ਸੇਲ ਤੇ ਖ੍ਰੀਦਣ ਲਈ ਫੂਨ ਕਰੋ**

INDIAN SILK SAREES & SUITS
JAPANEEESE SUITS & SAREES
COSTUME JEWELLERY

**WAREHOUSE ADDRESS:**
# 102 - 8185 MAIN ST., VANCOUVER. B.C.
**TEL: (604) 321 - 4506**

*WORLD WIDE IMPORTS IN FABRICS, SAREES & JEWELLERY WHOLESALE & RETAIL*

**WELL DISPLAYED & MOST DECORATED STORE IN TOWN**



# ਸੀ. ਪੀ. ਆਈ. (ਐਮ) ਦਾ ਸਟੈਂਡ ਅਲੋਚਕ ਕੀ ਦੇਖਣ 'ਚ ਅਸਫਲ ਰਹੇ

*—ਈ. ਐਮ. ਐਸ ਨਬੂੰਦਰੀਪਾਦ—*

ਸੀ. ਪੀ. ਆਈ. (ਐਮ) ਦੀ ਕੇਂਦਰੀ ਕਮੇਟੀ ਦੇ ਰਾਜਨੀਤਕ ਮਤੇ, ਜਿਹੜਾ 12 ਅਗਸਤ ਨੂੰ ਪ੍ਰੈਸ ਲਈ ਜਾਰੀ ਕੀਤਾ ਗਿਆ ਸੀ, ਬਾਰੇ ਸਿਆਸੀ ਆਗੂਆਂ ਅਤੇ ਪ੍ਰੈਸ ਦੀ ਪ੍ਰਤੀਕਿਰਿਆ ਬੜੀ ਰੋਚਕ ਹੈ ਭਾਵੇਂ ਕਿ ਵਖ ਵਖ ਪ੍ਰਕਾਰ ਵੀ ਹੈ। ਇਹ ਪ੍ਰਤੀਕਿਰਿਆ ਸੋਸਲਿਸਟ ਫੋਰਮ ਨਾਲ ਸਬੰਧਤ ਕੁਝ ਕਾਂਗਰਸ (ਆਈ) ਪਾਰਲੀਮੈਂਟ ਮੈਂਬਰਾਂ ਅਤੇ 20 ਪਾਰਲੀਮੈਂਟ ਮੈਂਬਰਾਂ ਦੇ ਇਕ ਹੋਰ ਸਮੂਹ ਵਲੋਂ ਬੋਲੇ ਗਏ ਗੁੱਸੇ ਭਰੇ ਸ਼ਬਦਾਂ ਤੋਂ ਲੈ ਕੇ ਕੁਝ ਅਖਬਾਰਾਂ ਦੀਆਂ ਟਿਪਣੀਆਂ ਤੱਕ ਹਨ ਜਿਹਨਾਂ ਵਿਚ ਕਿਹਾ ਗਿਆ ਹੈ ਕਿ ਪਾਰਟੀ ਨੇ ਆਪਣਾ 'ਰਾਹ ਬਦਲ ਲਿਆ' ਹੈ।

ਕਾਂਗਰਸ (ਆਈ) ਦੀਆਂ ਸਫਾਂ ਪ੍ਰਧਾਨ ਮੰਤਰੀ ਤੇ ਕਾਂਗਰਸ ਦੇ ਪ੍ਰਧਾਨ ਰਾਜੀਵ ਗਾਂਧੀ ਦੇ ਇਸ ਕਿਆਨ ਨਾਲ ਮਜ਼ਬੂਤ ਹੋ ਗਈਆਂ ਜਿਸ ਨੇ ਹੈਰਾਨ ਹੋ ਕੇ ਇਹ ਪੁੱਛਿਆ, 'ਸੀ. ਪੀ. ਆਈ. (ਐਮ) ਵੀ. ਪੀ. ਸਿੰਘ, ਅਰੁਨ ਨਹਿਰੂ ਅਤੇ ਅਰਿਫ ਮੁਹੰਮਦ ਖ਼ਾਂ ਦੀਆਂ ਆਰਥਕ ਨੀਤੀਆਂ ਨੂੰ ਕਿਵੇਂ ਲੈਂਦੀ ਹੈ।'

## *ਟੈਲੀਗ੍ਰਾਫ ਅਖਬਾਰ ਦੀ ਸੰਪਾਦਕੀ*

ਇਹਨਾਂ ਪ੍ਰਤੀਕਿਰਿਆਵਾਂ ਵਿਚੋਂ ਕਲਕੱਤੇ ਤੋਂ ਨਿਕਲਦੀ ਰੋਜ਼ਾਨਾ ਅਖਬਾਰ ਟੈਲੀਗਰਾਫ ਦਾ ਸੰਪਾਦਕੀ ਨੋਟ ਬਹੁਤ ਹੀ ਰੋਚਕ ਹੈ। 'ਸੋਵੀਅਤ ਯੂਨੀਅਨ ਦੀ ਕਮਿਉਨਿਸਟ ਪਾਰਟੀ ਨੇ ਪਾਰਟੀ ਦੇ ਸਿਧਾਂਤਕ ਅਖਬਾਰ ਕਮਿਉਨਿਸਟ ਰਾਹੀਂ ਭਾਰਤ ਵਿਚ ਸਾਰੀਆ ਸੱਚੀਆਂ ਜ਼ਮਹੂਰੀ ਅਤੇ ਦੇਸ਼ ਭਗਤ ਤਾਕਤਾਂ ਨੂੰ ਕਿਹਾ ਹੈ ਕਿ ਉਹ ਸ੍ਰੀ ਰਾਜੀਵ ਗਾਂਧੀ ਦੀ ਸਰਕਾਰ ਡੇਗਣ ਦੀ ਇਸ ਕੋਸ਼ਿਸ਼ ਵਿਰੁਧ ਲੜਨ। ਇਹ ਕੋਈ ਅਜਿਹੀ ਗੱਲ ਨਹੀਂ ਜਿਸ ਨੂੰ ਸੀ. ਪੀ. ਐਸ. ਯੂ. ਬਹੁਤ ਗੰਭੀਰ ਸੋਚ ਵਿਚਾਰ ਤੋਂ ਬਿਨਾ ਕਰੇਗੀ ਅਤੇ ਸਿਟੇ ਦੇ ਰੂਪ ਵਿਚ ਇਹ ਕੋਈ ਅਜਿਹੀ ਗੱਲ ਨਹੀਂ ਜਿਸ ਨੂੰ ਸੀ. ਪੀ. ਆਈ. ਅਤੇ ਸੀ. ਪੀ. ਆਈ. (ਐਮ) ਅਣਡਿਠ ਕਰ ਸਕਦੀਆਂ ਹਨ ਜਾਂ ਨਰਮ ਰੂਪ 'ਚ ਕਿਹਾ ਰੱਦ ਕਰ ਸਕਦੀਆਂ ਹਨ।'

ਅਖਬਾਰ ਫਿਰ ਪੁੱਛਦਾ ਹੈ ਕਿ ਜੇ ਅਜਿਹਾ ਤਾਂ ਫਿਰ ਅਜ ਦੋਨੋਂ ਕਮਿਉਨਿਸਟ ਪਾਰਟੀਆਂ ਰਾਜੀਵ ਗਾਂਧੀ ਦੇ ਅਸਤੀਫੇ ਅਤੇ ਮਧਕਾਲੀ ਚੋਣਾਂ ਦੀ ਕਿਉਂ ਮੰਗ ਕਰ ਰਹੀਆਂ ਹਨ, ਅਤੇ ਫਿਰ ਉਤਰ ਦਿੰਦੀ ਹੈ।

'ਖੱਬੀਆਂ ਤਾਕਤਾਂ ਸਿਰਫ ਇਕ ਐਨ ਨਾਜ਼ਕ ਘੜੀ ਤੇ ਰਾਜੀਵ ਗਾਂਧੀ ਦੀ ਹਿਮਾਇਤ ਕਰਨਗੀਆਂ, ਜਦੋਂ ਉਸਦੇ ਰਾਜਨੀਤਕ ਜੀਵਨ ਨੂੰ ਅਸਲੋਂ ਹੀ ਖਤਰਾ ਦਰਪੇਸ਼ ਹੋਵੇ। ਬਾਕੀ ਦੇ ਸਮੇਂ ਦੌਰਾਨ ਇਹ ਦੂਸਰੀਆਂ ਵਿਰੋਧੀ ਪਾਰਟੀਆਂ ਵਾਂਗ ਹੀ ਵਰਤਾਓ ਕਰਨਗੀਆਂ।' (14 ਅਗਸਤ)

ਅਸੀਂ ਉਹਨਾਂ ਅਤੇ ਦੂਸਰੇ ਪ੍ਰਮੁਖ ਵਿਅਕਤੀਆਂ ਨਾਲ ਵਾਦ ਵਿਵਾਦ ਵਿਚ ਨਹੀਂ ਪੈਣਾ ਚਾਹੁੰਦੇ ਜਿਹਨਾਂ ਸਾਡੀ ਕੇਂਦਰੀ ਕਮੇਟੀ ਅਤੇ ਦੂਸਰੀਆਂ ਖੱਬੀਆਂ ਪਾਰਟੀਆਂ ਦੀ ਇਸ ਲਈ ਨਿਖੇਧੀ ਕੀਤੀ ਹੈ ਕਿਉਂਕਿ ਇਹਨਾਂ ਸ੍ਰੀ ਰਾਜੀਵ ਗਾਂਧੀ ਦੇ ਅਸਤੀਫੇ ਅਤੇ ਮੱਧਕਾਲੀ ਚੋਣਾਂ ਦੀ ਮੰਗ ਕੀਤੀ ਸੀ ਅਤੇ ਸੱਚੀਆਂ ਜਮਹੂਰੀ ਸ਼ਕਤੀਆਂ ਜਿਹਨਾਂ ਵਿਚ ਕਾਂਗਰਸੀ ਵੀ ਸ਼ਾਮਲ ਹਨ, ਨੂੰ ਇਸ ਸੰਘਰਸ਼ ਵਿਚ ਸ਼ਾਮਲ ਹੋਣ ਦਾ ਸੱਦਾ ਦਿਤਾ ਸੀ। ਇਸ ਦੀ ਬਜਾਏ ਅਸੀਂ ਆਪਣੀ ਰਾਜਨੀਤਕ ਲਾਈਨ ਨੂੰ ਹਾਂ ਪੱਖੀ ਢੰਗ ਨਾਲ ਵਰਨਣ ਕਰਾਂਗੇ ਜਿਸ ਵਿਚ ਉਹਨਾਂ ਸੁਆਲਾਂ ਪ੍ਰਤੀ ਸਾਡਾ ਸਟੈਂਡ ਵੀ ਸ਼ਾਮਲ ਹੈ ਜਿਹਨਾਂ ਨੂੰ ਲੈ ਕੇ ਸਾਡੇ ਭਰਾਤਰੀ ਕਮਿਉਨਿਸਟ ਅਤੇ ਮਜ਼ਦੂਰ ਪਾਰਟੀਆਂ ਨਾਲ ਮਤਭੇਦ ਹਨ।

## *ਸੀ. ਪੀ. ਐਸ. ਯੂ. ਦੀ ਲਾਈਨ ਤੇ ਚੱਲਣਾ'*

'ਸੀ. ਪੀ. ਐਸ. ਯੂ. ਦੀਆਂ ਨੀਤੀਆਂ ਅਤੇ ਅਨੁਮਾਨਾਂ ਉਤੇ ਚੱਲਣ ਲਈ ਸਾਡੇ ਕਲਪਤ ਰੂਪ 'ਚ ਪਾਬੰਦ ਹੋਣ' ਨੂੰ ਅਸੀਂ ਸਭ ਤੋਂ ਪਹਿਲਾਂ ਲੈਂਦੇ ਹਾਂ। ਉਹ ਜਿਹੜੇ ਅਜਿਹੀਆਂ ਅਟਕਲਬਾਜ਼ੀਆਂ ਲਾਉਂਦੇ ਹਨ ਜੇ ਉਹ ਇਤਿਹਾਸ ਅਤੇ ਰਾਜਨੀਤੀ ਦੇ ਗੰਭੀਰ ਵਿਦਿਆਰਥੀ ਹਨ ਤਾਂ ਉਹਨਾਂ ਨੂੰ ਪਤਾ ਹੋਵੇਗਾ ਕਿ ਕਮਿਉਨਿਸਟ ਇੰਟਰਨੇਸ਼ਨਲ ਦਾ ਵਜੂਦ 44 ਸਾਲ ਪਹਿਲਾਂ (ਬਿਲਕੁਲ ਸਹੀ 1943 ਵਿਚ) ਖਤਮ ਹੋ ਗਿਆ ਸੀ। ਉਦੋਂ ਤੋਂ ਲੈ ਕੇ ਹਰੇਕ ਦੇਸ਼ ਵਿਚ ਕਮਿਉਨਿਸਟ ਅਤੇ ਮਜ਼ਦੂਰ ਪਾਰਟੀਆਂ ਰਾਸ਼ਟਰੀ ਸਮਸਿਆਵਾਂ ਬਾਰੇ ਆਜ਼ਾਦ ਫੈਸਲੇ ਲੈ ਰਹੀਆਂ ਹਨ ਜਦੋਂ ਕਿ ਕੌਮਾਂਤਰੀ ਸਮਸਿਆਵਾਂ ਨਾਲ ਨਿਪਟਣ 'ਚ ਉਹ ਆਪਣੀਆਂ ਸਰਗਰਮੀਆਂ ਤਾਲਮੇਲ ਨਾਲ ਕਰ ਰਹੀਆਂ ਹਨ।

1957 ਅਤੇ 1960 ਦੀਆਂ ਦੋ ਵਿਸ਼ਵ ਕਮਿਊਨਿਸਟ ਕਾਨਫਰੰਸਾਂ, ਜਿਸ ਵਿਚ ਭਾਰਤ ਦੀ ਅਣਵੰਡੀ ਕਮਿਊਨਿਸਟ ਪਾਰਟੀ ਨੇ ਹਿਸਾ ਲਿਆਸੀ ਅਤੇ ਜਿਸ ਦੇ ਇਨਕਲਾਬੀ ਸਿਟਿਆਂ ਪ੍ਰਤੀ ਸੀ.ਪੀ.ਆਈ (ਐਮ) ਨੇ ਆਪਣੇ 1964 ਵਿਚ ਅਪਣਾਏ ਗਏ ਪਰੋਗਰਾਮ ਵਿਚ ਵਫਾਦਾਰੀ ਪ੍ਰਗਟ ਕੀਤੀ ਸੀ, ਨੇ ਕਿਸੇ ਵੀ ਉਸ ਵਿਸ਼ਲੇਸ਼ਨ ਜਾਂ ਰਾਜਨੀਤਕ ਲਾਈਨਨਾਲ ਆਪਣੇ ਆਪ ਦਾ ਕੋਈ ਸਬੰਧ ਪ੍ਰਗਟ ਨਹੀਂ ਕੀਤਾ ਸੀ, ਜਿਹੜੀ ਕਿ ਕਿਸੇ ਵਿਅਕਤੀਗਤ ਦੇਸ਼ ਵਿਚ ਅਪਣਾਈ ਜਾਣੀ ਸੀ। ਉਹਨਾਂ ਦਾ ਸਿਰਫ ਕੌਮਾਂਤਰੀ ਪੱਧਰ ਦੀਆਂ ਘਟਨਾਵਾਂ ਅਤੇ ਸਮਸਿਆਵਾਂ ਨਾਲ ਹੀ ਸਬੰਧ ਸੀ।

ਸੰਸਾਰ ਕਮਿਊਨਿਸਟ ਲਹਿਰ ਦੀ ਇਸ ਸਾਂਝੀ ਪੁਜ਼ੀਸ਼ਨ ਉਤੇ 27ਵੀਂ ਕਾਂਗਰਸ ਵਿਚ ਸੋਵੀਅਤ ਪਾਰਟੀ ਵਲੋਂ ਅਪਣਾਏ ਗਏ ਤੀਸਰੇ ਪਾਰਟੀ ਪਰੋਗਰਾਮ ਦੇ ਨਵੇਂ ਅਡੀਸ਼ਨ ਵਿਚ ਜੋਰ ਦਿਤਾਂ ਗਿਆ ਸੀ। ਜਿਸ ਵਿਚ ਇਹ ਵਰਨਣ ਕੀਤਾ ਗਿਆ ਸੀ.

"ਸੀ. ਪੀ. ਐਸ ਯੂ. ਇਸ ਵਿਸ਼ਵਾਸ ਦੀ ਹੈ ਕਿ ਵਿਅਕਤੀਗਤ ਮਸਲਿਆਂ ਉਤੇ ਅਸਹਿਮਤੀ ਕਮਿਊਨਿਸਟ ਪਾਰਟੀਆਂ ਵਿਚਕਾਰ ਕੌਮਾਂਤਰੀ ਸਹਿਯੋਗ ਅਤੇ ਉਹਨਾਂ ਦੇ ਲਗਾਤਾਰ ਯਤਨਾਂ ਦੇ ਰਾਹ ਵਿਚ ਨਹੀਂ ਆਉਣੀ ਚਾਹੀਦੀ। ਭਰਾਤਰੀ ਪਾਰਟੀਆਂ ਵਿਚਕਾਰ ਪੈਦਾ ਹੋਣ ਵਾਲੀਆਂ ਵਿਅਕਤੀਗਤ ਸਮਸਿਆਵਾਂ ਪ੍ਰਤੀ ਵਖ ਵਖ ਵਿਚਾਰ ਹੋਣ ਦੀ ਸੂਰਤ ਵਿਚ ਸੀ. ਪੀ. ਐਸ. ਯੂ. ਇਸ ਵਿਚਾਰ ਦੀ ਹੈ ਕਿ ਕਮਿਊਨਿਸਟ ਭਾਵਨਾ ਨਾਲ ਵਿਚਾਰ-ਵਟਾਂਦਰਾ ਕੀਤਾ ਜਾਵੇ ਤਾਂ ਜੋ ਇਕ ਦੂਸਰੇ ਦੇ ਵਿਚਾਰਾਂ ਨੂੰ ਚੰਗੀ ਤਰਾਂ ਸਮਝਿਆ ਜਾ ਸਕੇ ਅਤੇ ਕਿਸੇ ਆਪਨੀ ਸਹਿਮਤੀ ਵਾਲੀ ਸਮਝ ਤੇ ਪਹੁੰਚਿਆ ਜਾ ਸਕੇ ਪਰ ਜਦੋਂ ਹਥਲਾ ਸਮਲਾ ਅਸਲ ਸਮਾਜ਼ਵਾਦ ਦੇ ਨਿਚੋੜ ਤੇ ਰੋਲ ਬਾਰੇ ਹੋਵੇਗਾ ਤਾਂ ਸੀ: ਪੀ. ਐਸ. ਯੂ. ਅਸੂਲ

ਵਾਲੀ ਪੁਜੀਸ਼ਨ ਅਖਤਿਆਰ ਕਰਨਾ ਜਾਰੀ ਰਖੇਗੀ ।"

## ਅਜ਼ਾਦ ਅਮਲ ਰਾਹ

ਇਕ ਆਜ਼ਾਦ ਪਾਰਟੀ ਵਜੋਂ ਆਪਣੀ ਹੋਂਦ ਦੇ ਪਿਛਲੇ 23 ਸਾਲਾਂ ਦੌਰਾਨ ਸੀ. ਪੀ. ਆਈ (ਐਮ) ਦੇ ਵਰਤਾਓ ਤੋਂ ਪਤਾ ਚਲਦਾ ਹੈ ਕਿ ਇਹ ਉਪਰੋਕਤ ਵਰਨਣ ਰਾਹ ਉਤੇ ਚਲ ਰਹੀ ਹੈ । ਪਾਰਟੀ ਉਦੋਂ ਕੌਮਾਂਤਰੀ ਸਥਿਤੀਅਤੇ ਭਾਰਤ ਦੀਆਂ ਰਾਸ਼ਟਰੀ ਸਮਸਿਆਂਵਾਂ ਦੇ ਅਨੁਮਾਨ ਦੇ ਕੁਝ ਸੁਆਲਾਂ ਬਾਰੇ ਸੀ. ਪੀ. ਐਸ. ਯੂ. ਨਾਲ ਮਤਭੇਦ ਰਖਦੀ ਸੀ। ਪਰ ਇਹ ਮਤਭੇਦ ਸਾਡੀ ਸੀ. ਪੀ. ਐਸ. ਯੂ ਅਤੇ ਦੂਸਰੀਆਂ ਭਰਾਤਰੀ ਪਾਰਟੀਆਂ ਨਾਲ ਇਕਮੁੱਠਤਾ ਦੀ ਭਾਵਨਾ ਦੇ ਰਾਹ ਵਿਚ ਰੁਕਾਵਟ ਨਹੀਂ ਬਣੇ ।

ਪਰ, ਕੌਮਾਤਰੀ ਸਥਿਤੀ ਦੇ ਅਨੁਮਾਨ ਬਾਰੇ ਦੋਹਾਂ ਪਾਰਟੀਆਂ ਵਿਚਲੇ ਮਤਭੇਦ ਮੋਟੇ ਤੌਰ ਉਤੇ ਹੱਲ ਕਰ ਲਏ ਗਏ ਹਨ, ਪਰ ਜੋ ਕੁਝ ਨੀਊ ਟਾਈਮਜ਼, ਪ੍ਰਾਵਦਾ ਅਤੇ ਕਮਿਊਨਿਸਟ 'ਚ ਲਿਖਿਆ ਗਿਆ ਹੈ, ਉਸ ਨੂੰ ਦੇਖਦਿਆਂ ਇਹ ਕਿਹਾ ਜਾ ਸਕਦਾ ਹੈ ਕਿ ਸਾਡੇ ਦੇਸ਼ ਦੀ ਅੰਦਰੂਨੀ ਸਥਿਤੀ ਅਤੇ ਸਮਸਿਆਵਾਂ ਬਾਰੇ ਸਾਡੇ ਅਨੁਮਾਨ ਵਖਰੇ ਵਖਰੇ ਹਨ। ਕੁਦਰਤੀ ਤੌਰ ਤੇ ਅਜਿਹੇ ਸੁਆਲਾਂ ਬਾਰੇ ਸਾਡੀ ਪਾਰਟੀ ਸਾਡੀ ਆਪਣੀ ਸਮਝ ਅਨੁਸਾਰ ਕੰਮ ਕਰਦੀ ਹੈ, ਜਦੋਂ ਕਿ ਸੀ. ਪੀ. ਐਸ. ਯੂ. ਆਪਣੇ ਵਿਚਾਰ ਪਰਗਟ ਕਰਦੀ ਹੈ । ਇਹ ਸਾਡੇ ਤੇ ਹੈ ਕਿ ਅਸੀਂ ਇਹਨਾਂ ਨਾਲ ਸਹਿਮਤ ਹੋਈਏ ਜਾਂ ਨਾ ।

ਉਦਾਹਰਣ ਲਈ ਸੋਵੀਅਤ ਪ੍ਰੈਸ ਵਿਚੋਂ ਛਪ ਰਹੀਆਂ ਰਿਪੋਰਟਾਂ ਦੇ ਪੀ. ਟੀ. ਆਈ ਹਵਾਲੇ ਅਨੁਸਾਰ ਭਾਰਤ ਸਰਕਾਰ ਦਾ ਖਾਸਾ "ਵਡੀ ਬੁਰਜੂਆਜੀ ਤੋਂ ਤੁਲਨਾਤਮਕ ਤੌਰ ਤੇ ਆਜ਼ਾਦ ਮਿਥਿਆ ਗਿਆ ਹੈ । ਇਹਨਾਂ ਰਿਪੋਰਟਾਂ ਵਿਚ ਹੀ ਵਿਰੋਧੀ ਧਿਰ ਵਲੋਂ ਲਗਾਏ ਗਏ ਭਰਿਸ਼ਟਾਚਾਰ ਦੇ ਦੋਸ਼ਾਂ ਨੂੰ "ਸਰਕਾਰ ਵਿਰੋਧੀ ਦੁਸ਼ਮਣੀ ਦੇ ਮਨੋਰਥ ਨਾਲ" ਰਾਜੀਵ ਸਰਕਾਰ ਵਿਰੁੱਧ ਕੀਤੀਆਂ ਗਈਆਂ "ਭੜਕਾਹਟਾਂ" ਕਿਹਾ ਗਿਆ ਹੈ । ਸਾਡੀ ਪਾਰਟੀ ਇਹਨਾਂ ਅਨੁਮਾਨਾਂ ਨਾਲ ਤਿਖੇ ਤੌਰ 'ਤੇ ਅਸਹਿਮਤ ਹੁੰਦੀ ਹੈ।

## ਮਜ਼ਬੂਤ ਪਾਰਟੀ ਸਟੈਂਡ

ਸਾਡਾ ਪਾਰਟੀ ਪਰੋਗਰਾਮ ਸਰਕਾਰ ਅਤੇ ਹੁਕਮਰਾਨ ਪਾਰਟੀ ਨੂੰ ਬੁਰਜੂਆਜੀ ਅਤੇ ਜਗੀਰਦਾਰਾਂ ਦੀ ਕੁਲੀਸ਼ਨ ਦਸਦਾ ਹੈ ਜਿਹਨਾਂ ਦੀ ਅਗਵਾਈ ਵਡੀ ਬੁਰਜੂਆਜੀ ਕਰਦੀ ਹੈ ਅਤੇ ਜਿਹੜੀਆਂ ਬਦੇਸ਼ੀ ਇਜਾਰੇਦਾਰਾਂ ਨਾਲ ਸਾਂਝ ਭਿਆਲੀ ਰਖਦੀਆਂ ਹਨ । ਇਸ ਜਮਾਤੀ ਖਾਸੇ ਤੋਂ ਸਰਕਾਰ ਦਾ ਏਕਾ-ਅਧਿਕਾਰਵਾਦ ਵਲ ਮੁਹਾਣ, ਮਜ਼ਦੂਰ ਜਮਾਤ ਉਤੇ ਕੀਤੇ ਜਾ ਰਹੇ ਹਮਲੇ ਅਤੇ ਭਰਿਸ਼ਟਾਚਾਰ ਨੂੰ ਸਪ-ਸ਼ਟ ਕਰਦਾ ਹੈ ਜਿਸ ਕਾਰਨ ਹਮਲੇ ਬਦਨਾਮ ਹੋ ਗਏ ਹਨ । ਇਸ ਲਈ. ਇਨਕਲਾਬੀ ਮਜ਼ਦੂਰ ਜਮਾਤ ਅਤੇ ਇਸ ਦੇ ਜਮਾਤੀ ਇਤਹਾਦੀ ਹੁਕਮਰਾਨ ਵਿਰੁੱਧ ਨਿਰੰਤਰ ਸੰਘਰਸ਼ ਚਲਾ ਰਹੇ ਹਨ । ਇਹੀ ਕਾਰਨ ਹੈ ਕਿ ਸਾਡੀ ਪਾਰਟੀ ਨੇ 1970 ਵਿਆਂ ਵਿਚ ਸੀ. ਪੀ. ਐਸ. ਯੂ. ਵਲੋਂ ਚਲਾਈ ਗਈ ਇਸ ਮੁਹਿੰਮ ਤੋਂ ਆਪਣੇ ਆਪ ਨੂੰ ਅਲਗ ਰਖਿਆ ਜਿਸ ਵਿਚ ਇਸ ਨੇ ਇੰਦਰਾ ਗਾਂਧੀ ਦੀ ਐਮਰਜੈਂਸੀ ਹਕੂਮਤ ਦੀ "ਫਾਸ਼ੀਵਾਦੀ ਵਿਰੋਧੀ ਹਮਲੇ" ਵਜੋਂ ਪਰਸੰਸਾ ਕੀਤੀ ਸੀ ਅਤੇ ਉਹਨਾਂ ਸਾਰਿਆਂ ਦੀ ਨਿਖੇਧੀ ਕੀਤੀ ਸੀ ਜਿਹੜੇ ਇਸ ਨੂੰ 'ਫਾਸ਼ੀਵਾਦ' ਦਾ ਨਾਂ ਦੇ ਕੇ ਇਸ ਦਾ ਵਿਰੋਧ ਕਰ ਰਹੇ ਸਨ ।

ਇਸੇ ਕਰਕੇ ਅਸੀਂ ਭਾਰਤ ਵਿਚ ਖਬੀਆਂ ਤੇ ਜਮਹੂਰੀ ਤਾਕਤਾਂ ਨੂੰ ਦਿਤੇਗਏ ਇਸ ਸੋਵੀਅਤ ਬੁਲਾਰਿਆਂ ਦੇ ਸਦੇ ਨੂੰ ਰੱਦ ਕਰ ਦਿਤਾ ਕਿ ਉਹਨਾਂ ਨੂੰ ਰਾਜੀਵ ਸਰਕਾਰ ਪਿਛੇ ਲਾਮਬੰਦ ਹੋ ਜਾਣਾ ਚਾਹੀਦਾ ਹੈ । ਉਹ ਰਾਜਨੀਤਕ ਪੰਡਤ ਜਿਹੜੇ ਇਹ ਆਸ ਲਗਾਉਂਦੇ ਹਨ ਕਿ ਭਾਰਤ ਦੇ ਕਮਿਊਨਿਸਟ ਰਾਜੀਵ ਗਾਂਧੀ ਪਿਛੇ ਲਾਮਬੰਦ ਹੋ ਜਾਣਗੇ ਕਿਉਂਕਿ ਕੁਝ ਸੋਵੀਅਤ ਬੁਲਾਰਿਆਂ ਨੇ ਇਸ ਬਾਰੇ ਵਿਚਾਰ ਪਰਗਟ ਕੀਤੇ, ਇਸ ਲਈ ਸਿਰਫ ਮੂਰਖਾਂ ਦੀ ਦੁਨੀਆਂ ਵਿਚ ਹੀ ਰਹਿ ਰਹੇ ਹਨ ।

## ਵਧ ਤੋਂ ਵਧ ਏਕਤਾ ਉਸਾਰਨਾ

ਜਿਥੋਂ ਤਕ ਦੂਸਰੀ ਅਟਕਲਬਾਜ਼ੀ ਕਿ "ਖੱਬੀਆਂ ਤਾਕਤਾਂ ਔਖੀ ਘੜੀ ਵੇਲੇ ਰਾਜੀਵ ਗਾਂਧੀ ਦੀ ਹਿਮਾਇਤ ਕਰਨਗੀਆਂ" ਦਾ ਸਬੰਧ ਹੈ ਮੈਂ ਅਜਿਹੀ ਅਟਕਲਬਾਜੀ ਲਗਾਉਣ ਵਾਲਿਆਂ ਨੂੰ ਯਾਦ ਕਰਵਾਉਣਾ ਚਾਹੁੰਦਾ ਹਾਂ ਕਿ ਪਹਿਲਾਂ ਅਣਵੰਡੀ ਕਮਿਊਨਿਸਟ ਪਾਰਟੀ ਅਤੇ ਦੁਫੇੜ ਪਿਛੋਂ ਸੀ.ਪੀ.ਆਈ. (ਐਮ) ਨੇ ਕਾਂਗਰਸ ਹਕੂਮਤ ਵਿਰੁਧ ਲਗਾਤਾਰ ਸੰਘਰਸ਼ ਕੀਤਾ ਹੈ । ਭਾਵੇਂ ਕੇਂਦਰ ਸਰਕਾਰ ਦੀ ਜਵਾਹਰ ਲਾਲ ਨਹਿਰੂ ਜਾਂ ਇੰਦਰਾ ਗਾਂਧੀ ਅਗਵਾਈ ਕਰਦੀ ਸੀ ਜਾਂ ਅੱਜ ਰਾਜੀਵ ਗਾਂਧੀ ਅਗਵਾਈ ਕਰਦਾ ਹੈ. ਅਸੀਂ ਇਹਨਾਂ ਸਾਰੀਆਂ ਸਰਕਾਰਾਂ ਵਿਰੁਧ ਇਕ ਅਸੂਲੀ ਸੰਘਰਸ਼ ਕੀਤਾ । ਅਸੀਂ ਸਦਾ ਹੀ ਅਤੇ ਅੱਜ ਵੀ ਕਾਂਗਰਸ ਸਰਕਾਰ ਦਾ ਬਦਲ ਪੈਦਾ ਕਰਨ ਲਈ ਸਾਰੀਆਂ ਸੈਕੂਲਰ ਰੈਡੀਕਲ ਅਤੇ ਜਮਹੂਰੀ ਤਾਕਤਾਂ ਦੀ ਵਧ ਤੋਂ ਵਧ ਸੰਭਵ ਏਕਤਾ ਲਈ ਯਤਨ ਕਰ ਰਹੇ ਹਾਂ ।

ਇਸ ਤੋਂ ਵੀ ਵਧ ਹਰੇਕ ਵਾਰ ਜਦੋਂ ਵੀ ਹੁਕਮਰਾਨ ਪਾਰਟੀ ਅੰਦਰ ਕੋਈ ਮਤਭੇਦ ਪੈਦਾ ਹੋਏ ਅਚਾਰੀਆ ਕ੍ਰਿਪਲਾਨੀ ਵਲੋਂ ਕਿਸਾਨ ਮਜ਼ਦੂਰ ਪ੍ਰਜਾ ਪਾਰਟੀ ਬਣਾਉਣ ਤੋਂ ਲੈ ਕੇ ਨਰਾਜ਼ ਕਾਂਗਰਸੀਆਂ ਵਲੋਂ ਹੁਣ ਕੁਝ ਨੀਤੀਆਂ ਬੁਲੰਦ ਕਰਨ ਤਕ—ਅਸੀਂ ਸਦਾ ਹੀ ਕਾਂਗਰਸ ਦੇ ਉਸ ਹਿਸੇ ਨੂੰ ਹਿਮਾਇਤ ਦਿਤੀ ਹੈ ਜਿਸ ਨੇ ਤੁਲਨਾਤਮਕ ਤੌਰ ਤੇ ਜਿਆਦਾ ਜਮਹੂਰੀ ਪੁਜੀਸ਼ਨਾਂ ਅਖਤਿਆਰ ਕੀਤੀਆਂ । 1969 ਵਿਚ ਇੰਦਰਾ ਗਾਂਧੀ ਨੂੰ ਦਿਤੀ ਗਈ ਸਾਡੀ ਅਸਥਾਈ ਅਤੇ ਸੀਮਿਤ ਹਿਮਾਇਤ ਵੀ ਉਸ ਵਲੋਂ ਬੈਂਕਾਂ ਦੇ ਕੌਮੀਕਰਨ ਰਾਜਿਆਂ ਦੇ ਵਿਸ਼ੇਸ਼ ਭਤੇ ਖਤਮ ਕਰਨ ਆਦਿ ਬਾਰੇ ਲਏ ਗਏ ਸਟੈਂਡ ਉਤੇ ਆਧਾਰਤ ਸ਼ੀ ।

## ਇਕ ਜਮਾਤੀ ਪੁਜੀਸ਼ਨ

ਇਸ ਲਈ ਕਾਂਗਰਸ ਦੀ ਸਾਡੀ ਵਿਰੋਧਤਾ ਸਦਾ ਹੀ ਇਕ ਜਮਾਤੀ ਗਠਜੋੜ—ਵੱਡੀ ਬੁਰਜੂਆਜੀ ਦੀ ਅਗਵਾਈ 'ਚ ਬੁਰਜੂਆਜੀ ਅਤੇ ਜਗੀਰਦਾਰਾਂ ਦਾ ਗਠਜੋੜ ਦੀ ਅਗੂ ਨੁਮਾਇੰਦਾ ਪਾਰਟੀ ਵਜੋਂ ਰਹੀ ਹੈ ਅਤੇ ਅਸੀਂ ਸਦਾ ਹੀ ਉਨ੍ਹਾਂ ਵਲੋਂ ਚਲਾਈਆਂ ਜਾਂਦੀਆਂ ਜਮਾਤੀ ਨੀਤੀਆਂ ਦੀ ਵਿਰੋਧਤਾ ਕੀਤੀ ਹੈ। ਕਾਂਗਰਸ ਵਿਚਲੇ ਇਕ ਜਾਂ ਦੂਸਰੇ ਗਰੁਪ ਜਾਂ ਵਿਅਕਤੀ ਪ੍ਰਤੀ ਸਾਡਾ ਰਵਈਆ ਹਸਤੀਆਂ ਉਤੇ ਨਹੀਂ ਸਗੋਂ ਉਹਨਾਂ ਵਲੋਂ ਲਏ ਗਏ ਸਟੈਂਡ ਅਤੇ ਨੀਤੀਆਂ ਉਤੇ ਨਿਰਭਰ ਕਰਦਾ ਰਿਹਾ ਹੈ ਤੇ ਅਜੇ ਵੀ ਕਰਦਾ ਹੈ ।

ਇਸ ਪਿਛੋਕੜ ਵਿਚ ਰਾਜੀਵ ਗਾਂਧੀ ਦਾ ਸਾਡੇ ਤੋਂ ਇਹ ਪੁਛਣਾ ਬਹੁਤ ਦੁਖਦਾਈ ਹੈ ਕਿ ਕੀ ਅਸੀਂ ਵੀ. ਪੀ. ਸਿੰਘ ਅਰੁਣ ਨਹਿਰੂ ਅਤੇ ਅਰਿਫ ਮੁਹੰਮਦ ਖਾਂ ਦੀਆਂ ਨੀਤੀਆਂ ਦੀ ਹਿਮਾਇਤ ਕਰਦੇ ਹਾਂ । ਕੀ ਅਸੀਂ ਇਹ ਗੱਲ ਮੰਨ ਲਈਏ ਕਿ ਰਾਜੀਵ ਗਾਂਧੀ ਦੇ ਇਹ ਤਿੰਨ 'ਪਿਛਾਖੜੀ' ਸਾਥੀ ਉਸ ਉਤੇ ਉਹ ਨੀਤੀਆਂ ਠੋਸਣ ਵਿਚ ਸਫਲ ਰਹੇ ਜਿਹਨਾਂ ਨੂੰ ਉਹ ਪਸੰਦ ਨਹੀਂ ਕਰਦਾ ਸੀ ? ਕੀ ਅਜਿਹਾ ਕੋਈ ਸੰਕੇਤ ਹੈ ਕਿ ਰਾਜੀਵ ਗਾਂਧੀ ਨੇ ਇਹਨਾਂ ਭੱਦਰਪੁਰਸ਼ਾਂ ਵਿਰੁਧ ਲੜਾਈ ਕੀਤੀ ਜਦੋਂ ਉਹ ਉਸਦੇ ਸਾਥੀ ਮੰਤਰੀ ਸੀ ਜਿਵੇਂ ਕਿ ਉਸਦੀ ਮਾਤਾ ਨੇ ਉਸ ਟੋਲੇ ਵਲੋਂ ਚਲਾਈਆਂ ਗਈਆਂ ਨੀਤੀਆਂ ਵਿਰੁਧ ਲੜਾਈ ਕੀਤੀ ਸੀ ਜਿਸ ਟੋਲੇ ਨੂੰ ਕਿ ਕਾਂਗਰਸ ਵਿਚ ਸਿੰਡੀਕੇਟ ਦਾ ਨਾਂ ਦਿਤਾ ਗਿਆ ਸੀ ? ਕੀ ਉਹ ਸਾਨੂੰ ਦਸੇਗਾ ਕਿ ਉਸ ਦੀਆਂ ਨੀਤੀਆਂ ਕੀ ਹਨ ਅਤੇ ਇਹ ਉਸਦੇ ਸਾਬਕਾਂ ਸਾਥੀਆਂ ਦੀਆਂ ਨੀਤੀਆਂ ਨਾਲੋਂ ਕਿਵੇਂ ਅਲਗ ਹਨ ?

ਅਸੀਂ ਚੰਗੀ ਤਰਾਂ ਜਾਣਦੇ ਹਾਂ ਕਿ ਅਰਿਫ ਮੁਹੰਮਦ ਖਾਂ ਵਲੋਂ ਸਰਕਾਰ ਵਿਚੋਂ ਇਕ ਵਿਸ਼ੇਸ਼ ਮਸਲੇ—ਮੁਸਲਿਮ ਔਰਤਾਂ ਸਬੰਧੀ ਬਿਲ ਪ੍ਰਤੀ ਰਾਜੀਵ ਗਾਂਧੀ ਵਲੋਂ ਦਿਖਾਈ ਗਈ ਮੌਕਾ-ਪ੍ਰਸਤੀ—ਨੂੰ ਲੈ ਕੇ ਦਿਤਾ ਗਿਆ ਸੀ । ਅਸੀਂ ਇਸ ਸੁਆਲ ਬਾਰੇ ਪਹਿਲਾਂ ਵੀ ਉਸ ਨਾਲ ਸੀ ਤੇ ਅਜ ਵੀ ਉਸ ਨਾਲ ਹਾਂ ਰਾਜੀਵ ਗਾਂਧੀ

ਨਾਲ ਨਹੀਂ ਹਾਂ।

ਸਾਨੂੰ ਨਹੀਂ ਪਤਾ ਕਿ ਰਾਜੀਵ ਗਾਂਧੀ ਨੇ ਉਹਨਾਂ ਨੂੰ ਆਪਣੇ ਵਰਤਾਓ ਬਾਰੇ ਸਪਸ਼ਟੀਕਰਨ ਦੇਣ ਦਾ ਮੌਕਾ ਦਿਤੇ ਬਗੈਰ ਹੀ ਪਾਰਟੀ ਵਿਚੋਂ ਕਿਵੇਂ ਕੱਢ ਦਿਤਾ। ਪਰ ਇਸ ਤੋਂ ਇਹ ਸਪਸ਼ਟ ਹੈ ਕਿ ਦੂਸਰੀਆਂ ਕਾਰਵਾਈਆਂ ਵਾਂਗ ਇਸ ਤੋਂ ਵੀ ਪਾਰਟੀ ਦੇ ਏਕਾਅਧਿਕਾਰਵਾਦ ਵਲ ਰੁਝਾਨ ਦਾ ਪਤਾ ਚਲਦਾ ਹੈ ਜਿਸ ਲਈ ਕਿ ਹੁਕਮਰਾਨ ਪਾਰਟੀ ਬਦਨਾਮ ਹੋ ਗਈ ਹੈ—ਅੰਦਰੂਨੀ ਪਾਰਟੀ ਜਮਹੂਰੀਅਤ ਦਾ ਗਲਾ ਘੁੱਟਣ ਲਈ। ਇਹ ਇਸ ਧੱਕੜਸ਼ਾਹੀ ਵਾਲੀ ਕਾਰਵਾਈ ਵਿਰੁਧ ਵੀ. ਪੀ. ਸਿੰਘ ਵਲੋਂ ਰੋਸ ਪ੍ਰਗਟ ਕੀਤੇ ਜਾਣ ਕਰਕੇ ਹੀ ਸੀ ਕਿ ਉਸਨੂੰ ਵੀ ਪਾਰਟੀ ਵਿਚੋਂ ਕੱਢ ਦਿਤਾ ਗਿਆ।

## ਸਹੀ ਸ਼ਕਾਇਤਾਂ ਬੁਲੰਦ ਕਰਨਾ

ਇਹ ਸਭ ਕੁਝ ਉਸ ਪਾਰਟੀ ਦਾ ਅੰਦਰੂਨੀ ਮਾਮਲਾ ਹੈ ਜਿਸਦਾ ਕਿ ਪ੍ਰਧਾਨ ਮੰਤਰੀ ਪ੍ਰਧਾਨ ਹੈ, ਇਸ ਲਈ ਸਾਡਾ ਉਹਨਾਂ ਨਾਲ ਕੋਈ ਸਿੱਧਾ ਸਬੰਧ ਨਹੀਂ ਹੈ। ਨਾ ਹੀ ਸਾਡਾ ਉਸ ਪੁਜ਼ੀਸ਼ਨ ਨਾਲ ਕੋਈ ਸਬੰਧ ਹੈ ਜਿਹੜੀ ਕਿ 'ਨਿਰਾਜ਼ ਕਾਂਗਰਸੀਆਂ ਵਲੋਂ ਵੱਖ ਵੱਖ ਆਰਥਕ ਅਤੇ ਰਾਜਨੀਤਕ ਮਸਲਿਆਂ ਬਾਰੇ ਅਪਣਾਈ ਗਈ ਸੀ ਜਦੋਂ ਉਹ ਵਜ਼ਾਰਤ ਵਿਚ ਪ੍ਰਧਾਨ ਮੰਤਰੀ ਦੇ ਸਾਥੀ ਸਨ। ਸਾਡਾ ਸਬੰਧ ਸਿਰਫ ਉਸ ਕਾਸੇ ਨਾਲ ਹੈ ਜੋ ਕੁਝ ਉਹ ਪਾਰਟੀ ਵਿਚੋਂ ਕੱਢੇ ਜਾਣ ਤੋਂ ਪਿਛੋਂ ਕਰ ਰਹੇ ਹਨ। ਢੁਕਵਾਂ ਨੁਕਤਾ ਇਹ ਹੈ ਕਿ ਇਸ ਨੂੰ ਅਣਡਿਠੰ ਕਰਕੇ ਕਿ ਉਹਨਾਂ ਭੂਤਕਾਲ ਵਿਚ ਕੀ ਕੀਤਾ, ਅੱਜ ਉਹ ਮੇਹਨਤਕਸ਼ ਜਮਾਤ ਦੀਆਂ ਕੁਝ ਹੱਕੀ ਸ਼ਕਾਇਤਾਂ ਬੁਲੰਦ ਕਰ ਰਹੇ ਹਨ—ਦੇਸ਼ ਵਿਆਪੀ ਔੜ ਉਚ ਅਹੁਦਿਆਂ ਤੇ ਭਰਿਸ਼ਟ ਚਾਰ, ਜਮਹੂਰੀ ਸੰਸਥਾਵਾਂ ਦੀ ਕਾਰਜ-ਵਿਧੀ ਅ ਦਿ। ਅਸੀਂ ਦੇਖਦੇ ਹਾਂ ਕਿ ਉਹਨਾਂ ਵਲੋਂ ਚਲਾਈ ਜਾ ਰਹੀ ਮੁਹਿੰਮ ਨੰ ਆਮ ਲੋਕਾਂ ਵਲੋਂ ਚੰਗਾ ਹੁੰਗਾਰਾ ਦਿਤਾ ਜਾ ਰਿਹਾ ਹੈ। ਇਹੀ ਕਾਰਨ ਹੈ ਕਿ ਕੇਂਦਰੀ ਕਮੇਟੀ ਨੇ ਆਪਣੇ ਰਾਜਨੀਤਕ ਮਤੇ 'ਚ ਨੋਟ ਕੀਤਾ :

'ਪਹਿਲਾਂ ਹੀ ਕਾਂਗਰਸ (ਆਈ) ਦੀਆਂ ਸਫਾਂ ਅੰਦਰ ਵਿਰੋਧੀ ਧਿਰ ਦੀ ਏਕਤਾ ਦਾ ਅਸਰ ਮਹਿਸੂਸ ਕੀਤਾ ਜਾਣ ਲਗਾ ਹੈ, ਕਿਉਂਕਿ ਇਹ ਜ਼ਿਆਦਾ ਤੋਂ ਜ਼ਿਆਦਾ ਲੋਕਾਂ ਨੂੰ ਭਾਵੇਂ ਕਿ ਇਸ ਸਮੇਂ ਅਜੇ ਥੋੜੀ ਗਿਣਤੀ ਵਿਚ ਹਨ, ਸਰਕਾਰੀ ਭਰਿਸ਼ਟਾਚਾਰ ਵਿਰੁਧ ਅਵਾਜ ਉਠਾਉਣ ਅਤੇ ਰਾਸ਼ਟਰੀ ਏਕਤਾ ਵਰਗੇ ਮਸਲਿਆਂ ਨੂੰ ਲੈਣ ਦੇ ਯੋਗ ਬਣਾ ਰਹੀ ਹੈ। ਅਜਿਹੀ ਨਰਾਜਗੀ ਬਾਹਰਮੁਖੀ ਤੌਰ ਤੇ ਏਕਤਾ ਦੀਆਂ ਤਾਕਤਾਂ ਦੀ ਸਹਾਇਤਾ ਕਰਦੀ ਹੈ ਤੇ ਇਸ ਲਈ ਜਿਸ ਦਾ ਸੁਆਗਤ ਕੀਤਾ ਜਾਣਾ ਚਾਹੀਦਾ ਹੈ।'

ਇਸੇ ਲਈ ਕੇਂਦਰੀ ਕਮੇਟੀ ਨੇ 'ਉਹਨਾਂ ਸਾਰੇ ਕਾਂਗਰਸੀਆਂ ਨੂੰ ਦ੍ਰਿੜ ਸਟੈਂਡ ਲੈਣ ਅਤੇ ਲੋਕਾਂ ਲਈ ਨਵੀਂ ਸਰਕਾਰ ਦੀ ਮੰਗ ਕਰਦੀਆਂ ਲੋਕ ਪੱਖੀ ਤਾਕਤਾਂ ਨਾਲ ਆ ਮਿਲਣ ਦਾ ਸੱਦਾ ਦਿਤਾ ਸੀ ਜਿਹੜੇ ਰਾਜੀਵ ਸਰਕਾਰ ਦੇ ਭਰਿਸ਼ਟਾਚਾਰ ਅਤੇ ਦੂਸਰੀਆਂ ਕਰਤੂਤਾਂ ਦੀ ਵਿਰੋਧਤਾ ਕਰਦੇ ਹਨ।'

ਪਿਛਲੇ 35 ਸਾਲਾਂ ਉਦੋਂ ਤੋਂ ਲੈ ਕੇ ਜਦੋਂ 1952 ਵਿਚ ਅਣਵੰਡੀ ਕਮਿਊਨਿਸਟ ਪਾਰਟੀ ਨੇ ਕਾਂਗਰਸ ਦੀ ਤਾਕਤਾਂ ਉਤੇ ਇਜਾਰੇਦਾਰੀ ਖਤਮ ਕਰਨ ਦਾ ਸਦਾ ਦਿਤਾ ਸੀ ਦੌਰਾਨ ਅਸੀਂ ਉਹਨਾਂ ਕਾਂਗਰਸੀਆਂ ਦਾ ਸੁਆਗਤ ਕੀਤਾ ਹੈ ਜਿਹਨਾਂ ਨੀਤੀ ਦੇ ਸੁਆਲ ਬਾਰੇ ਆਪਣੀ ਲੀਡਰਸ਼ਿਪ ਨਾ ਚੈਲੰਜ ਕੀਤਾ। ਅਜਿਹੇ ਹਰੇਕ ਮੌਕੇ ਤੇ ਅਸੀਂ ਆਪਣੇ ਨਵੇਂ ਇਤਹਾਦੀਆਂ ਨਾਲ ਸਹਿਮਤੀ ਦੇ ਨੁਕਤੇ ਲੱਭਣ ਦੀ ਕੋਸ਼ਿਸ਼ ਕੀਤੀ ਹੈ, ਜਦੋਂ ਕਿ ਅਸਹਿਮਤੀ ਵਾਲੇ ਮਸਲਿਆਂ ਤੇ ਅਸੀਂ ਆਪਣੇ ਲਈ ਤੇ ਉਹਨਾਂ ਲਈ ਆਜਾਦ ਪੁਜੀਸ਼ਨ ਦਾ ਅਧਿਕਾਰ ਰਾਖਵਾਂ ਰਖਿਆ; ਇਸੇ ਕਰਕੇ ਹੈ ਕਿ 1967 ਵਿਚ ਅਸੀਂ ਅੱਧੀ ਕੁ ਦਰਜਨ ਸੂਬਿਆਂ ਵਿਚ ਸਾਬਕਾ ਕਾਂਗਰਸੀਆਂ ਦੀ ਹਿਮਾਇਤ ਕੀਤੀ ਅਤੇ 1977 ਵਿਚ ਜਨਤਾ ਪਾਰਟੀ ਦੀ ਹਿਮਾਇਤ ਕੀਤੀ। ਜੇ ਹੁਣ ਵੀ ਅਜਿਹੀ ਹੀ ਘਟਨਾ ਵਾਪਰਦੀ ਹੈ, ਜਿਵੇਂ ਕਿ ਸੰਭਾਵਨਾ ਹੈ, ਅਸੀਂ ਸਪੱਸ਼ਟ ਰੂਪ ਵਿਚ ਉਨਾਂ ਨਾਲ ਸਹਿਯੋਗ ਕਰਾਂਗੇ। ਕੇਂਦਰੀ ਕਮੇਟੀ ਵਲੋਂ ਦਿਤੇ ਗਏ ਸਦੇ ਦਾ ਅਸਲ ਵਿਚ ਇਹ ਨਿਚੋੜ ਹੈ।

## ਮੰਗਾਂ ਬਾਰੇ ਸਾਂਝੀ ਲਹਿਰ

ਉਸ ਢੰਗ ਬਾਰੇ ਅਨੁਮਾਨ ਲਗਾਉਣਾ ਅਜੇ ਕਾਹਲ ਹੋਵੇਗੀ ਜਿਸ ਅਨੁਸਾਰ ਘਟਨਾਵਾਂ ਵਾਪਰਨਗੀਆਂ। ਫਿਰ ਵੀ ਖੱਬੀਆਂ ਤੇ ਦੂਸਰੀਆਂ ਧਰਮ ਨਿਰਲੇਪ ਵਿਰੋਧੀ ਪਾਰਟੀਆਂ ਤੇ ਨਿਰਾਜ ਕਾਂਗਰਸੀਆਂ, ਜਿਹਨਾਂ ਨੂੰ ਪਾਰਟੀ ਵਿਚੋਂ ਕਢਿਆ ਗਿਆ ਹੈ ਅਤੇ ਜਿਹੜੇ ਆਪਣੇ ਆਪ ਪਾਰਟੀ ਵਿਚੋਂ ਨਿਕਲੇ ਹਨ, ਲਈ ਦਰੁਸਤ ਹੋਵੇਗਾ ਕਿ ਫੌਰੀ ਮੰਗਾਂ ਦੇ ਸਮੂਹ, ਜਿਸ ਵਿਚ ਦੇਸ਼ ਵਿਆਪੀ ਔੜ ਵਾਲੀਆਂ ਹਾਲਤਾਂ, ਉਚ ਆਹੁਦਿਆਂ ਤੇ ਭਰਿਸ਼ਟਾਚਾਰ, ਤੇ ਰਾਜੀਵ ਸਰਕਾਰ ਦੇ ਅਸਤੀਫੇ ਤੇ ਮਧਕਾਲੀ ਚੋਣਾਂ ਕਰਵਾਉਣ ਦੀਆਂ ਮੰਗਾਂ ਸ਼ਾਮਲ ਹਨ, ਦੇ ਅਧਾਰ ਉਤੇ ਸਾਂਝੀ ਲਹਿਰ ਚਲਾਉਣ ਲਈ ਇਕਠੇ ਹੋ ਜਾਣ। ਇਹ ਪ੍ਰੋਗਰਾਮ ਹੈ ਜਿਸ ਬਾਰੇ ਸਾਡੀ ਪਾਰਟੀ ਸਾਰੀਆਂ ਦੂਸਰੀਆਂ ਖੱਬੀਆਂ ਤੇ ਧਰਮ ਨਿਰਲੇਪ ਪਾਰਟੀਆਂ ਤੇ ਨਿਰਾਜ ਕਾਂਗਰਸੀਆਂ ਨੂੰ ਅਪੀਲਾਂ ਕਰ ਰਹੀ ਹੈ।

## ਟਕਰਾਅ ਹੁਣ ਖੁਲਕੇ ਬਾਹਰ ਆ ਗਏ

ਪਰ, ਇਹ ਸੰਭਾਵਨਾ ਕਾਂਗਰਸ ਪਾਰਟੀ ਵਿਚਲੀ ਤਾਜਾ ਹਲਚਲ ਕਾਰਨ ਪੈਦਾ ਹੋਈ, ਜਿਹੜੀ ਕਿ ਰਾਸ਼ਟਰਪਤੀ ਦੀ ਚੋਣ ਦੇ ਮੌਕੇ 'ਤੇ ਪੈਦਾ ਹੋਈ ਸੀ। ਵਡੀ ਲੱਠ ਮਾਰਨ ਲਈ ਰਾਜੀਵ ਗਾਂਧੀ ਨੇ ਚੋਣਾਂ ਖਤਮ ਹੋਣ ਤਕ ਇੰਤਜਾਰ ਕੀਤਾ। 'ਨਿਰਾਜ' ਕਾਂਗਰਸੀਆਂ ਨੇ ਚੋਣ ਦੀ ਸਮਾਪਤੀ ਤੋਂ ਪਹਿਲਾਂ ਹੀ ਉਹਨਾਂ ਨੂੰ ਪਾਰਟੀ

ਬਾਕੀ ਸਫ਼ਾ [illegible] ਉਤੇ

**WHEATON**

**PONTIAC BUICK GMC LTD.**

ਨਵੀਆਂ ਤੇ ਪੁਰਾਣੀਆਂ ਕਾਰਾਂ, ਸਟੇਸ਼ਨ ਵੈਗਨਾਂ, ਟਰੱਕ, ਵੈਨਾਂ ਅਤੇ 4x4 ਜਿਮੀ ਲੈਣ ਲਈ ਆਪਣੇ ਜਾਣੇ ਪਛਾਣੇ ਸੇਲਜ਼ਮੈਨ ਨੂੰ ਮਿਲੋ

ਕੁਲਦੀਪ ਸਿੰਘ ਭੰਡ ਨੂੰ ਫੂਨ ਕਰੋ ਜਾਂ ਮਿਲੋ

Bus. 526-2781

Res. 524-4137

Pager 687-7711 #7610

325 - 12th St., New Westminster, B.C.



ਕੁਲਦੀਪ ਸਿੰਘ ਭੰਡ

# ਰਾਜੀਵ ਸਰਕਾਰ ਦੇ ਅਸਤੀਫੇ ਲਈ ਅੰਦੋਲਨ ਵਾਸਤੇ ਕੇਂਦਰੀ ਕਮੇਟੀ ਵੱਲੋਂ ਪੇਸ਼ ਕੀਤੀਆਂ ਮੰਗਾਂ

(ਸੀ. ਪੀ.ਆਈ (ਐਮ) ਦੀ ਕੇਂਦਰੀ ਕਮੇਟੀ ਦੀ 7 ਤੋਂ 10 ਅਗਸਤ ਤੱਕ ਮੀਟਿੰਗ ਵੱਲੋਂ ਪ੍ਰਵਾਨਤ)

(1) ਗੁਟ-ਨਿਰਲੇਪਤਾ ਦੀ ਬਦੇਸ਼ ਨੀਤੀ ਨੂੰ ਮਜ਼ਬੂਤ ਕਰਨਾ।

(2) ਧਰਮ-ਨਿਰਲੇਪਤਾ ਦੀ ਰਾਖੀ ਕਰਨਾ, ਹਰ ਪ੍ਰਕਾਰ ਦੀ ਫਿਰਕਾਪ੍ਰਸਤੀ ਵਿਰੁਧ ਸੰਘਰਸ਼ ਕਰਨਾ, ਅਤੇ ਵੰਡਵਾਦੀ ਤਾਕਤਾਂ ਵਿਰੁਧ ਸੰਘਰਸ਼ ਕਰਕੇ ਰਾਸ਼ਟਰੀ ਏਕਤਾ ਦੀ ਰਾਖੀ ਕਰਨਾ।

(3) ਉਚ ਪੱਧਰ ਤੇ ਫੈਲੇ ਭਰਿਸ਼ਟਾਚਾਰ ਨੂੰ ਖਤਮ ਕਰਨਾ ਅਤੇ ਇਸ ਦੀ ਪੂਰੀ ਤਰਾਂ ਜਾਂਚ ਕਰਨਾ। ਬਦੇਸ਼ਾਂ ਵਿਚ ਗੈਰ-ਕਾਨੂੰਨੀ ਤੌਰ ਤੇ ਜਾ ਰਹੇ ਧਨ ਦੇ ਵਹਾਅ ਨੂੰ ਰੋਕਣਾ ਅਤੇ ਕਾਲੇ ਧਨ ਦਾ ਪਤਾ ਲਗਾਉਣਾ।

(4) ਕੇਂਦਰ ਅਤੇ ਰਾਜਾਂ ਦੀਆਂ ਤਾਕਤਾਂ ਵਿਚਕਾਰ ਯੋਗ ਸੰਤੁਲਨ ਬਣਾਉਣ ਲਈ ਸੂਬਿਆਂ ਦੀ ਖੁਦਮੁਖਤਾਰੀ ਨੂੰ ਮਜ਼ਬੂਤ ਬਣਾਉਣਾ ਤਾਂ ਜੋ ਦੇਸ਼ ਦੀ ਏਕਤਾ ਨੂੰ ਮਜ਼ਬੂਤ ਕੀਤਾ ਜਾ ਸਕੇ।

ਗਵਰਨਰ ਦੇ ਰੋਲ ਅਤੇ ਧਰਾ 365 ਦੀ ਦੁਰਵਰਤੋਂ ਨੂੰ ਰੋਕਣ, ਰਾਸ਼ਟਰੀ ਸਾਧਨਾਂ ਵਿਚ ਰਾਜਾਂ ਦੇ ਬਣਦੇ ਹੱਕੀ ਹਿੱਸੇ ਨੂੰ ਰਾਜਾਂ ਨੂੰ ਦੁਆਉਣ ਨੂੰ ਯਕੀਨੀ ਬਣਾਉਣ ਲਈ ਸੰਵਿਧਾਨ 'ਚ ਲੋੜੀਂਦੀਆਂ ਸੋਧਾਂ ਕਰਕੇ ਅਤੇ ਕੇਂਦਰ ਤੇ ਰਾਜਾਂ ਵਿਚਕਾਰ ਮੌਜੂਦਾ ਵਿੱਤੀ ਤਰਤੀਬਾਂ ਨੂੰ ਸੋਧ ਕੇ ਕੇਂਦਰ ਰਾਜ ਸਬੰਧਾਂ ਨੂੰ ਮੁੜ-ਉਸਾਰਨਾ।

(5) ਕੇਂਦਰ ਸਰਕਾਰ ਨੂੰ ਥੋਕ ਵਿਉਤਾਰੀਆਂ ਦੇ ਮੁਨਾਫਿਆਂ ਉਤੇ ਭਾਰੀ ਰੋਕਾਂ ਲਗਾ ਕੇ ਅਤੇ ਪਬਲਿਕ ਵੰਡ-ਪ੍ਰਣਾਲੀ ਦੇ ਵਿਆਪਕ ਢਾਂਚੇ ਨੂੰ ਸੰਗਠਤ ਕਰਕੇ ਖਪਤਕਾਰਾਂ ਨੂੰ ਲੋੜੀਂਦੀਆਂ ਜਿਣਸਾਂ ਯੋਗ ਕੀਮਤਾਂ ਤੇ ਲੜੀਂਦੀ ਮਾਤਰਾ 'ਚ ਸਪਲਾਈ ਕਰਨ ਨੂੰ ਯਕੀਨੀ ਬਣਾਉਣਾ ਚਾਹੀਦਾ ਹੈ। ਇਹ ਕੁਝ ਪ੍ਰਾਪਤ ਕਰਨ ਲਈ ਜ਼ਰੂਰੀ ਹੈ ਕਿ ਪੈਦਾਵਾਰ ਦੀਆਂ ਪ੍ਰਾਥਮਿਕਤਾਵਾਂ 'ਚ ਇਸ ਢੰਗ ਨਾਲ ਤਬਦੀਲੀ ਕੀਤੀ ਜਾਵੇ ਕਿ ਆਮ ਲੋਕਾਂ ਦੀ ਨਿੱਤ ਪ੍ਰਤੀ ਵਰਤੋਂ ਵਾਲੀਆਂ ਵਸਤਾਂ ਦੀ ਪੈਦਾਵਾਰ ਨੂੰ ਪਹਿਲ ਦਿਤੀ ਜਾਵੇ ਜਿਹੜੀਆਂ ਵਸਤਾਂ ਕਿ ਗਰੀਬ ਅਤੇ ਮਧ-ਵਰਗੀ ਜਮਾਤਾਂ ਦੇ ਲੋਕਾਂ ਲਈ ਲੋੜੀਂਦੀਆਂ ਹਨ। ਅਜਿਹੀਆਂ ਜਿਣਸਾਂ ਜਿਵੇਂ ਕਿ ਪ੍ਰਮੁਖ ਅਨਾਜ, ਦਾਲਾਂ, ਖਾਣ ਵਾਲੇ ਤੇਲ, ਲੂਣ, ਖੰਡ, ਘਰੇਲੂ ਕੋਲਾ, ਮਿੱਟੀ ਦਾ ਤੇਲ, ਆਮ ਲੋਕਾਂ ਦੀ ਵਰਤੋਂ ਵਾਲਾ ਕਪੜਾ, ਕਾਗਜ਼, ਜੀਵਨ-ਬਚਾਉ ਦਵਾਈਆਂ, ਤੀਲਾਂ ਦੀਆਂ ਡੱਬੀਆਂ ਆਦਿ ਦੀ ਸਪਲਾਈ ਸਬਸਿਡੀਆਂ ਨਾਲ ਕੀਤੀ ਜਾਵੇ।

(6) ਸਰਕਾਰੀ ਏਜੰਸੀਆਂ ਰਾਹੀਂ ਲੋੜੀਂਦੀਆਂ ਖਰੀਦਾਂ ਕਰਕੇ ਖੇਤੀਬਾੜੀ ਪੈਦਾਵਾਰਾਂ ਦੇ ਲਾਹੇਵੰਦ ਭਾਵਾਂ ਨੂੰ ਯਕੀਨੀ ਬਣਾਇਆ ਜਾਵੇ।

(7) ਆਰਥਕ ਨੀਤੀਆਂ ਨੂੰ ਮੁਕੰਮਲ ਤੌਰ ਤੇ ਮੁੜ ਰਚਨਾ ਤਾਂ ਜੋ ਆਮ ਲੋਕਾਂ ਦੀਆਂ ਨਿਤ ਪ੍ਰਤੀ ਵਰਤੋਂ ਵਾਲੀਆਂ ਵਸਤਾਂ ਦੀ ਪੈਦਾਵਾਰ ਵਧਾਈ ਜਾਵੇ ਅਤੇ ਸਾਰੇ ਵਰਗਾਂ ਜਿਹਨਾਂ 'ਚ ਛੋਟੇ ਕਾਰੀਗਰ ਅਤੇ ਹੱਥ ਦਸਤਕਾਰ ਸ਼ਾਮਲ ਹਨ, ਲਈ ਰੁਜ਼ਗਾਰ ਮੌਕੇ ਵਧਾਏ ਜਾਣ ਅਤੇ ਰਿਵਾਇਤੀ ਸਨਅਤਾਂ ਦੀ ਰਖਿਆ ਕੀਤੀ ਜਾ ਸਕੇ।

(8) ਕੰਮ ਬਦਲੇ ਅਨਾਜ ਪ੍ਰੋਗਰਾਮ ਨੂੰ ਮੁੜ ਸੁਰਜੀਤ ਕੀਤਾ ਜਾਵੇ ਅਤੇ ਇਸ ਦਾ ਪਾਸਾਰ ਕੀਤਾ ਜਾਵੇ।

(9) ਕੰਮ ਦੇ ਅਧਿਕਾਰ ਨੂੰ ਸੰਵਿਧਾਨ ਵਿਚ ਬੁਨਿਆਦੀ ਅਧਿਕਾਰ ਵਜੋਂ ਸ਼ਾਮਲ ਕੀਤਾ ਜਾਵੇ।

(10) ਵਿਦਿਆ ਦਾ ਅਧਿਕਾਰ ਦਿਤਾ ਜਾਵੇ।

(11) ਮੌਜੂਦਾ ਭੂਮੀ ਸੁਧਾਰ ਕਾਨੂੰਨਾਂ ਨੂੰ ਇਹਨਾਂ ਵਿਚਲੇ ਮਘੋਰੇ ਪੂਰਨ ਪਿਛੋਂ ਤੇਜ਼ੀ ਨਾਲ ਅਮਲ ਵਿਚ ਲਾਗੂ ਕੀਤਾ ਜਾਵੇ, ਅਤੇ ਸੂਬਾ ਅਸੰਬਲੀਆਂ ਵਲੋਂ ਪਾਸ ਕੀਤੇ ਗਏ ਭੂਮੀ ਸੁਧਾਰ ਬਿੱਲਾਂ ਨੂੰ ਫੌਰੀ ਤੌਰ ਤੇ ਮਨਜ਼ੂਰੀ ਦਿਤੀ ਜਾਵੇ।

(12) ਕਿਸਾਨਾਂ ਨੂੰ ਖੇਤੀਬਾੜੀ ਲਈ ਲੋੜੀਂਦੀਆਂ ਵਸਤਾਂ ਦੀ ਸਪਲਾਈ ਅਤੇ ਸਸਤੇ ਕਰਜਿਆਂ ਨੂੰ ਯਕੀਨੀ ਬਣਾਇਆ ਜਾਵੇ।

(13) ਖੇਤ-ਮਜ਼ਦੂਰਾਂ ਲਈ ਘਟੋ ਘਟ ਉਜਰਤਾਂ ਲਾਗੂ ਕੀਤੀਆਂ ਜਾਣ ਅਤੇ ਪੇਂਡੂ ਲੋਕਾਂ ਦੀਆਂ ਜੀਵਨ ਹਾਲਤਾਂ ਅਤੇ ਕੰਮ ਕਰਨ ਦੀਆਂ ਹਾਲਤਾਂ ਵਿਚ ਸੁਧਾਰ ਕਰਨ ਲਈ ਦੂਸਰੇ ਕਦਮਾਂ ਵ ਸਤੇ ਪਹਿਲ

ਬਾਕੀ ਸਫਾ 15 ਤੇ


**Goyal Travels Inc.**

4152 FRASER ST., VANCOUVER B.C. V5V 4E8 (604) 877-7777

IATA



ਵੈਨਕੂਵਰ ਦਫਤਰ ਦਾ
ਨਵਾਂ ਫੋਨ ਨੰਬਰ
(604) 877-7777

*WE ARE PLEASED TO ANNOUNCE THE OPENING OF OUR THREE NEW OFFICES*

**Goyal Travel & Tours Canada Inc.**

| CALGARY ਕੈਲਗਰੀ | ਐਡਮਿੰਟਨ EDMONTON | ਟਰਾਂਟੋ - TORONTO |
|---|---|---|
| UNIT 1-5320-8th. AVE., S.E. CALGARY, ALBERTA, T2A 4L7 | 9344-34th. AVE., STRATHCONA SQUARE, EDMONTON, ALTA. T6E 5X8 | SUITE 211, 593 YONGE ST. TORONTO, ONT. M4Y 1Z4 |
| PH. (403) 235-6808 | PH. (403) 462-2424 | PH. (416) 960-3666 |

TOLL FREE IN B.C., ALBERTA, SASKATECHEWAN AND MANITOBA **1-800-663-8638**

# ਪਰਧਾਨ ਮੰਤਰੀ ਦਾ ਭਾਸ਼ਣ

40ਵੇਂ ਆਜ਼ਾਦੀ ਦਿਵਸ ਦੇ ਮੌਕੇ ਉੱਤੇ ਭਾਰਤ ਦੇ ਪਰਧਾਨ ਮੰਤਰੀ ਰਾਜੀਵ ਗਾਂਧੀ ਨੇ ਜਿਹੜਾ ਇਕ ਘੰਟੇ ਦਾ ਭਾਸ਼ਣ ਲਾਲ ਕਿਲੇ ਉੱਤੇ ਝੰਡਾ ਝੁਲਾਉਣ ਤੋਂ ਪਿਛੋਂ ਦਿੱਤਾ ਉਸ ਵਿਚ ਕੋਈ ਵੀ ਨਵੀਂ ਗੱਲ ਨਹੀਂ ਅਤੇ ਨਾ ਹੀ ਕੌਮ ਨੂੰ ਕੋਈ ਨਵਾਂ ਸੁਨੇਹਾਂ ਦਿੱਤਾ ਗਿਆ ਹੈ। ਭਾਸ਼ਣ ਦੇਣ ਦੇ ਮੌਕੇ ਉੱਤੇ ਪਰਧਾਨ ਮੰਤਰੀ ਵਿਚ ਕੋਈ ਉਤਸ਼ਾਹ ਅਤੇ ਜੋਸ਼ ਵੀ ਨਹੀਂ ਸੀ। ਇੰਜ ਭਾਸਦਾ ਸੀ, ਜਿਵੇਂ ਉਹਨਾਂ ਨੂੰ ਰਵਾਇਤੀ ਤੌਰ ਉੱਤੇ ਕੁਝ ਗੱਲਾਂ ਕਹਿਣੀਆਂ ਪੈ ਰਹੀਆਂ ਹਨ। ਤਾਂ ਵੀ ਪ੍ਰਧਾਨ ਮੰਤਰੀ ਨੇ ਆਪਣੇ ਭਾਸ਼ਣ ਵਿਚ ਜਿਹੜੀਆਂ ਗੱਲਾਂ ਆਖੀਆਂ ਹਨ ਉਹਨਾਂ ਦਾ ਵਿਸ਼ਲੇਸ਼ਨ ਕਰਨਾ ਜ਼ਰੂਰੀ ਹੈ।

ਜਦੋਂ ਅਸੀਂ ਇਹ ਆਜ਼ਾਦੀ ਦਿਵਸ ਮਨਾ ਰਹੇ ਸਾਂ ਤਾਂ ਦੇਸ ਨੂੰ ਜਿਹੜੀਆਂ ਵੱਡੀਆਂ ਚਣੌਤੀਆਂ ਦਾ ਸਾਹਮਣਾ ਹੈ ਉਹ ਹਨ ਕੁਝ ਰਾਜਾਂ ਵਿਚ ਚਲ ਰਹੀਆਂ ਅੱਤਵਾਦੀ-ਵੱਖਵਾਦੀ ਲਹਿਰਾਂ ਤੇ ਉਹਨਾਂ ਨੂੰ ਮਿਲ ਰਹੀ ਬਾਹਰੀ ਸ਼ਹਿ ਤੇ ਮਦਦ। ਇਸ ਲਈ ਸਪੱਸ਼ਟ ਹੀ ਸੀ ਕਿ ਪਰਧਾਨ ਮੰਤਰੀ ਇਸ ਬਾਰੇ ਕੁਝ ਕਹਿੰਦੇ। ਉਹਨਾਂ ਨੇ ਆਪਣੇ ਭਾਸ਼ਣ ਵਿਚ ਜਿੱਥੇ ਅੱਤਵਾਦ ਨੂੰ ਹੂੰਝਣ ਦਾਂ ਅਹਿਦ ਕੀਤਾ ਓਥੇ ਨਾਲ ਹੀ ਧਾਰਮਿਕ ਕਟੜਤਾ ਤੇ ਅੱਤਵਾਦੀ ਹਿੰਸਾ ਵਿਰੁੱਧ ਲਹਿਰ ਚਲਾਉਣ ਦਾ ਵੀ ਸੱਦਾ ਦਿੱਤਾ। ਆਸ ਕੀਤੀ ਜਾਂਦੀ ਸੀ ਕਿ ਪਰਧਾਨ ਮੰਤਰੀ ਪੰਜਾਬ ਦੇ ਮਸਲੇ ਦੇ ਹੱਲ ਬਾਰੇ ਵੀ ਕੁਝ ਕਹਿੰਦੇ ਪਰ ਉਹ ਖਾਮੋਸ਼ ਰਹੇ।

ਪਰਧਾਨ ਮੰਤਰੀ ਨੇ ਅੱਤਵਾਦੀ ਹਿੰਸਾ ਵਿਰੁੱਧ ਲਹਿਰ ਚਲਾਉਣ ਦੀ ਗੱਲ ਕੀਤੀ ਹੈ। ਇਸ ਸਬੰਧ ਵਿਚ ਨੋਟ ਕਰਨ ਵਾਲੀ ਗੱਲ ਇਹ ਹੈ ਕਿ ਜਦੋਂ ਪੰਜਾਬ ਅੰਦਰ ਅੱਤਵਾਦੀ-ਵੱਖਵਾਦੀ ਤੱਤਾਂ ਵਿਰੁੱਧ ਸਰਬ ਪਾਰਟੀ ਮੁਹਿੰਮ ਚੱਲੀ ਤਾਂ ਉਸ ਦੇ ਰਾਹ ਵਿਚ ਕੇਂਦਰੀ ਸਰਕਾਰ ਨੇ ਹੀ ਅੜਿੱਕਾ ਖੜਾ ਕੀਤਾ।

ਪੰਜਾਬ ਦੇ ਸਬੰਧ ਵਿਚ ਇਹ ਗੱਲ ਸਾਰੇ ਹੀ ਜਾਣਦੇ ਹਨ ਕਿ ਜੇ ਸਿਆਸੀ ਮਾਮਲਾ ਹੱਲ ਹੋ ਜਾਵੇ ਤਾਂ ਅੱਤਵਾਦੀ-ਵੱਖਵਾਦੀ ਤੱਤਾਂ ਨੂੰ ਬੁਰੀ ਤਰਾਂ ਨਖੇੜਿਆ ਜਾ ਸਕਦਾ ਹੈ ਪਰ ਕੇਂਦਰੀ ਸਰਕਾਰ ਦੀ ਪਾਲਸੀ ਪੰਜਾਬ ਮਸਲੇ ਨੂੰ ਲਟਕਾਉਣ ਦੀ ਹੀ ਚਲੀ ਆ ਰਹੀ ਹੈ।

ਪਰਧਾਨ ਮੰਤਰੀ ਨੇ ਆਪਣੇ ਭਾਸ਼ਣ ਵਿਚ ਫਿਰਕਾ ਪ੍ਰਸਤੀ ਦੀ ਵੀ ਨਿੰਦਾ ਕੀਤੀ ਹੈ ਪਰ ਇਹ ਗੱਲ ਨੋਟ ਕੀਤੇ ਬਿਨਾਂ ਨਹੀਂ ਰਿਹਾ ਜਾ ਸਕਦਾ ਕਿ ਖੁਦ ਰਾਜੀਵ ਗਾਂਧੀ ਦੀ ਪਾਰਟੀ ਤੰਗ ਸਿਆਸੀ ਹਿੱਤਾਂ ਦੀ ਪੂਰਤੀ ਲਈ ਫਿਰਕੂ ਪਾਰਟੀਆਂ ਨਾਲ ਜੱਫੀਆਂ ਪਾਉਂਦੀ ਹੈ। ਏਹੋ ਹੀ ਨਹੀਂ ਰਾਜੀਵ ਗਾਂਧੀ ਵਲੋਂ ਧਾਰਮਕ ਬੁਨਿਆਦ ਪ੍ਰਸਤ ਸ਼ਕਤੀਆਂ ਨੂੰ ਵੀ ਕਈ ਮੌਕਿਆਂ ਉਤੇ ਖੁਸ਼ ਕਰਨ ਦੀ ਕੋਸ਼ਿਸ਼ ਕੀਤੀ ਗਈ।

ਜਿਥੋਂ ਤਕ ਬਾਹਰੀ ਸ਼ਕਤੀਆਂ ਵਲੋਂ ਦੇਸ਼ ਉਤੇ ਦਬਾਅ ਤੇ ਹੋਰ ਕਈ ਤਰਾਂ ਦੀ ਦਖਲ-ਅੰਦਾਜ਼ੀ ਦਾ ਸਬੰਧ ਹੈ ਇਸ ਬਾਰੇ ਪਰਧਾਨ ਮੰਤਰੀ ਨੇ ਆਪਣੇ ਭਾਸ਼ਣ ਵਿਚ ਸੰਖੇਪ ਜਿਹੀ ਗਲ ਹੀ ਕੀਤੀ ਹੈ ਅਤੇ ਉਹ ਵੀ ਗੋਲ-ਮੋਲ। ਜਦੋਂ ਕਿ ਲੋੜ ਇਸ ਗਲ ਦੀ ਸੀ ਕਿ ਖੁਲ੍ਹਕੇ ਉਹਨਾਂ ਸ਼ਕਤੀਆਂ ਦੀ ਨਿੰਦਾ ਕੀਤੀ ਜਾਂਦੀ ਜਿਹੜੀਆਂ ਕਿ ਦਖਲ-ਅੰਦਾਜ਼ੀ ਕਰ ਰਹੀਆਂ ਹਨ।

ਜਿਹੜੀ ਬਾਹਰ ਤੋਂ ਸਾਜ਼ਿਸ਼ ਹੋ ਰਹੀ ਹੈ ਉਹ ਕੌਣ ਕਰ ਰਿਹਾ ਹੈ? ਲੋੜ ਉਸ ਸਾਜ਼ਿਸ਼ ਨੂੰ ਲੋਕਾਂ ਵਿਚ ਨੰਗਾ ਕਰਨ ਦੀ ਹੈ ਪਰ ਪਰਧਾਨ ਮੰਤਰੀ ਨੇ ਗੱਲ ਗੋਲ-ਮੋਲ ਹੀ ਕਰ ਛੱਡੀ ਹੈ।

ਪਰਧਾਨ ਮੰਤਰੀ ਨੇ ਨੌਜਵਾਨਾਂ ਨੂੰ ਕੁਰਪਸ਼ਨ, ਕੁਨਬਾਪਰਵਰੀ ਆਦਿ ਵਿਰੁਧ ਕੌਮੀ ਪੱਧਰ ਉਤੇ ਤਹਿਰੀਕ ਚਲਾਉਣ ਦਾ ਨੌਜਵਾਨਾਂ ਨੂੰ ਸੱਦਾ ਦਿਤਾ।

ਇਸ ਗੱਲ ਵਿਚ ਕੋਈ ਵੀ ਸ਼ੱਕ ਨਹੀਂ ਕਿ ਅਜੇਹੀ ਵਿਸ਼ਾਲ ਲਹਿਰ ਇਸ ਕਿਸਮ ਦੀਆਂ ਬੁਰਾਈਆਂ ਵਿਰੁਧ ਚਲਣੀ ਚਾਹੀਦੀ ਹੈ ਪਰ ਇਹ ਤੱਥ ਚਿਟੇ ਦਿਨ ਵਾਂਗ ਸਾਫ ਹਨ ਕਿ ਕੁਰਪਸ਼ਨ ਤੇ ਕੁਨਬਾ ਪਰਵਰੀ ਵਿਚ ਨਾ ਕੇਵਲ ਹਾਕਮ ਪਾਰਟੀ ਤੇ ਉਸਦੇ ਮੰਤਰੀ ਹੀ ਗਲ ਗਲ ਤੱਕ ਖੁਭੇ ਹੋਏ ਹਨ ਸਗੋਂ ਖੁਦ ਪਰਧਾਨ ਮੰਤਰੀ ਵਿਰੁਧ ਵੀ ਕਈ ਤਰਾਂ ਦੇ ਦੋਸ਼ ਲਗ ਚੁਕੇ ਹਨ ਜਿਹੜੇ ਕਿ ਬੜੇ ਹੀ ਠੋਸ ਹਨ। ਅਥਵਾ ਪਰਧਾਨ ਮੰਤਰੀ ਤੇ ਉਹਨਾਂ ਦੇ ਪਰਵਾਰ ਵਲੋਂ ਧੰਨ ਇਕੱਤਰ ਕਰਨ ਦੀ ਚਰਚਾ ਤਾਂ ਅਜ ਗਲੀਆਂ ਬਾਜ਼ਾਰਾਂ ਵਿਚ ਹੋ ਰਹੀ ਹੈ।

ਪਰਧਾਨ ਮੰਤਰੀ ਨੇ ਆਪਣੇ ਭਾਸ਼ਣ ਵਿਚ ਕਿਹਾ ਹੈ ਕਿ ਕੇਂਦਰੀ ਮੰਤਰੀਆਂ ਨੂੰ ਖਰਚੇ ਘਟਾਉਣ ਲਈ ਕਿਹਾ ਗਿਆ ਹੈ। ਇਸ ਦੇ ਨਾਲ ਹੀ ਰਾਜ ਸਰਕਾਰਾਂ ਨੂੰ ਵੀ ਇਹ ਆਖਿਆ ਗਿਆ ਹੈ ਕਿ ਉਹ ਵੀ ਵੱਧ ਤੋਂ ਵੱਧ ਖਰਚ ਘਟਾਉਣ।

ਜੇ ਕੇਂਦਰੀ ਸਰਕਾਰ ਜਾਂ ਕੇਂਦਰੀ ਮੰਤਰੀ ਆਪਣੇ ਖਰਚੇ ਘਟਾਉਣ ਤਾਂ ਚੰਗੀ ਗੱਲ ਹੈ ਪਰ ਜਿਹੜੀ ਗੱਲ ਸਾਰੇ ਜਾਣਦੇ ਹਨ ਉਹ ਇਹ ਹੈ ਕਿ ਸਾਡੇ ਕੇਂਦਰੀ ਮੰਤਰੀ ਰਾਜਿਆਂ ਵਾਂਗ ਰਹਿੰਦੇ ਤੇ ਖਰਚ ਕਰਦੇ ਹਨ। ਇਹ ਵੱਡੇ ਖਰਚੇ ਕੇਵਲ ਤਨਖਾਹ ਨਾਲ ਜਾਂ ਹੋਰ ਮਿਲ ਰਹੇ ਭੱਤਿਆਂ ਨਾਲ ਨਹੀਂ ਚਲ ਸਕਦੇ।

ਪਰਧਾਨ ਮੰਤਰੀ ਨੇ ਆਪਣੇ ਭਾਸ਼ਣ ਵਿਚ ਇਸ ਗੱਲ ਦਾ ਦਾਅਵਾ ਕੀਤਾ ਹੈ ਕਿ ਦੇਸ ਅੰਦਰ ਗਰੀਬੀ ਦੀ ਰੇਖਾ ਤੋਂ ਹੇਠਾਂ ਰਹਿਣ ਵਾਲੇ ਲੋਕਾਂ ਦੀ ਗਿਣਤੀ ਹੁਣ ਕੇਵਲ ਤੀਹ ਫੀਸਦੀ ਰਹਿ ਗਈ ਹੈ। ਸਾਡੀ ਰਾਏ ਵਿਚ ਇਹ ਕੇਵਲ ਦਾਅਵਾ ਹੀ ਹੈ। ਖੁਦ ਸਰਕਾਰੀ ਅੰਕੜਿਆਂ ਅਨੁਸਾਰ ਵੀ ਦੇਸ ਦੀ ਅੱਧੀ ਵਸੋਂ ਹਾਲੇ ਵੀ ਗਰੀਬੀ ਰੇਖਾ ਤੋਂ ਹੇਠਾਂ ਰਹਿ ਰਹੀ ਹੈ ਜਦ ਕਿ ਗੈਰ-ਸਰਕਾਰੀ ਅੰਕੜਿਆਂ ਅਨੁਸਾਰ ਗਰੀਬੀ ਰੇਖਾ ਤੋਂ ਹੇਠਾਂ ਰਹਿਣ ਵਾਲੀ ਵਸੋਂ ਦੀ ਗਿਣਤੀ ਸੱਤਰ ਫੀਸਦੀ ਤੋਂ ਕਿਸੇ ਤਰਾਂ ਵੀ ਘੱਟ ਨਹੀਂ।

ਪਰਧਾਨ ਮੰਤਰੀ ਰਾਜੀਵ ਗਾਂਧੀ ਦੇ ਦੌਰ ਵਿਚ ਮਹਿੰਗਾਈ ਲਗਾਤਾਰ ਵਧਦੀ ਗਈ ਹੈ। ਇਸ ਵਿਚ ਕਿਸੇ ਵੀ ਤਰ ਦੀ ਰੋਕ ਨਹੀਂ ਪਈ। ਮਹਿੰਗਾਈ ਵਿਚ ਵਾਧੇ ਕਾਰਨ ਮਜ਼ਦੂਰਾਂ, ਮਿਹਨਤੀ ਲੋਕਾਂ ਅਤੇ ਹੋਰ ਬੱਝਵੀਆਂ ਤਨਖਾਹਾਂ ਪਾਉਣ ਵਾਲੇ ਮੁਲਾਜ਼ਮਾਂ ਦਾ ਬੁਰੀ ਤਰਾਂ ਕਚੂਮਰ ਨਿਕਲ ਰਿਹਾ ਹੈ। ਹਰ ਪਾਸੇ ਹੀ ਹਾਹਾਕਾਰ ਮਚੀ ਹੋਈ ਹੈ। ਪਰ ਪਰਧਾਨ ਮੰਤਰੀ ਨੇ ਆਪਣੇ ਭਾਸ਼ਣ ਵਿਚ ਮਹਿੰਗਾਈ ਦਾ ਉੱਕਾ ਹੀ ਵਰਨਣ ਨਹੀਂ ਕੀਤਾ।

ਪਰਧਾਨ ਮੰਤਰੀ ਨੇ ਆਪਣੇ ਭਾਸ਼ਣ ਵਿਚ ਦੇਸ਼ ਅੰਦਰ ਵਧੀ ਬੇਰੁਜ਼ਗਾਰੀ ਨੂੰ ਕਬੂਲ ਕੀਤਾ ਅਤੇ ਆਖਿਆ ਕਿ ਨੌਕਰੀਆਂ ਦੇਣ ਵਿਚ ਬੇਰੁਜ਼ਗਾਰ ਨੌਜਵਾਨਾਂ ਨੂੰ ਪਹਿਲ ਦਿਤੀ ਜਾਵੇਗੀ। ਪਰ ਅਜਿਹੀ ਕੋਈ ਸਕੀਮ ਵਖਾਈ ਨਹੀਂ ਦਿੰਦੀ ਜਿਸ ਨਾਲ ਕਿ ਬੇਰੁਜ਼ਗਾਰ ਨੌਜਵਾਨਾਂ ਨੂੰ ਰੁਜ਼ਗਾਰ ਮਿਲੇ। ਪੜੇ ਲਿਖੇ ਨੌਜਵਾਨ ਵੱਡੀ ਗਿਣਤੀ ਵਿਚ ਨੌਕਰੀਆਂ ਦੀ ਭਾਲ ਵਿਚ ਮਾਰੇ ਮਾਰੇ ਫਿਰ ਰਹੇ ਹਨ, ਹੋਰ ਤਾਂ ਹੋਰ ਬੇਰੁਜ਼ਗਾਰਾਂ ਵਿਚ ਵੱਡੀ ਗਿਣਤੀ ਡਾਕਟਰਾਂ ਅਤੇ ਇੰਜੀਨੀਅਰਾਂ ਦੀ ਹੈ।

ਪਰਧਾਨ ਮੰਤਰੀ ਨੇ ਗਰੀਬ ਵਰਗਾਂ, ਹਰੀਜਨਾਂ ਅਤੇ ਆਦਿਵਾਸੀਆਂ ਦੀ ਹਾਲਤ ਬਿਹਤਰ ਬਨਾਉਣ ਲਈ ਉਪਰਾਲੇ ਕਰਨ ਦਾ ਭਰੋਸਾ ਦਵਾਇਆ ਹੈ। ਇਹ ਭਰੋਸਾ ਵੀ ਐਵੇਂ ਰਸਮੀ ਜੇਹਾ ਹੀ ਹੈ।

ਸਰਕਾਰ ਵਲੋਂ ਵੀਹ-ਨੁਕਾਤੀ ਪਰੋਗਰਾਮਾਂ ਤਹਿਤ ਜਿਹੜੀਆਂ ਰਕਮਾਂ ਬੇਜ਼ਮੀਨੇ ਗਰੀਬ ਲੋਕਾਂ ਨੂੰ ਰਾਹਤ ਪਹੁੰਚਾਉਣ ਲਈ ਵਰਤੀਆਂ ਜਾਂਦੀਆਂ ਹਨ ਉਹਨਾਂ ਵਿਚੋਂ ਵਧੇਰੇ ਕਰਕੇ ਤਾਂ ਨੌਕਰਸ਼ਾਹੀ ਖਾ ਪੀ ਜਾਂਦੀ ਹੈ ਅਤੇ ਜਿਹੜੀਆਂ ਰਕਮਾਂ ਖਰਚ ਹੁੰਦੀਆਂ ਹਨ ਉਹਨਾਂ ਨਾਲ ਗਰੀਬ ਤੇ ਦੱਬੇ ਕੁਚਲੇ ਲੋਕਾਂ ਦੀ ਹਾਲਤ ਨਹੀਂ ਸੁਧਰਦੀ।

ਸਾਡੇ ਦੇਸ਼ ਅੰਦਰ ਸੱਤਰ ਫੀਸਦੀ ਵਸੋਂ ਪਿੰਡਾਂ ਵਿਚ ਰਹਿੰਦੀ ਹੈ। ਇਸ ਵਸੋਂ ਵਿਚੋਂ ਲਗਪਗ ਅੱਧੀ ਵਸੋਂ ਬੇਜ਼ਮੀਨੇ ਲੋਕਾਂ ਦੀ ਹੈ। ਇਹਨਾਂ ਵਿਚ ਹਰੀਜਨਾਂ ਤੇ ਆਦਿਵਾਸੀ ਵੀ

# ਸਾਮਰਾਜੀ ਏਜੰਟਾਂ ਨੂੰ ਨਖੇੜੋ

ਇਸ ਗੱਲ ਵਿਚ ਕੋਈ ਸ਼ੱਕ ਨਹੀਂ ਕਿ ਜਿਹੜੇ ਤੱਤ ਪੰਜਾਬ ਅੰਦਰ ਬੇਗੁਨਾਹ ਲੋਕਾਂ ਨੂੰ ਕਤਲ ਕਰ ਰਹੇ ਹਨ ਜਾਂ ਆਪਣੇ ਸਿਆਸੀ ਵਿਰੋਧੀਆਂ ਨੂੰ ਕਤਲ ਕਰ ਰਹੇ ਹਨ ਅਤੇ ਖਾਲਿਸਤਾਨ ਦੀ ਮੰਗ ਕਰ ਰਹੇ ਹਨ ਉਹ ਮੁੱਠੀ ਭਰ ਹਨ। ਉਹਨਾਂ ਨੂੰ ਸਾਮਰਾਜ ਵਲੋਂ ਹਰ ਤਰਾਂ ਦੀ ਅਗਵਾਈ, ਮਦਦ ਅਤੇ ਹਥਿਆਰ ਮਿਲ ਰਹੇ ਹਨ। ਇਹ ਤੱਤ ਕੇਂਦਰ ਨਾਲ ਕਿਸੇ ਵੀ ਤਰਾਂ ਦੀ ਗੱਲ ਬਾਤ ਦੇ ਵਿਰੁੱਧ ਹਨ ਅਤੇ ਅਕਾਲੀ ਪਾਰਟੀ ਅੰਦਰ ਜਿਹੜਾ ਵੀ ਕੇਂਦਰ ਨਾਲ ਕਿਸੇ ਕਿਸਮ ਦੀ ਗੱਲਬਾਤ ਕਰਨ ਦੀ ਰਾਏ ਰਖਦਾ ਹੈ ਉਸ ਨੂੰ ਧਮਕੀਆਂ ਦਿੰਦੇ ਹਨ ਅਤੇ ਕਤਲ ਕਰਨ ਤੱਕ ਵੀ ਜਾਂਦੇ ਹਨ।

ਜੇ ਪਿਛਲੇ ਤਿੰਨ ਸਾਲਾਂ ਦੇ ਇਤਿਹਾਸ ਤੇ ਨਜ਼ਰ ਮਾਰੀ ਜਾਵੇ ਤਾਂ ਇਹ ਗੱਲ ਨੋਟ ਕੀਤੇ ਬਿਨਾਂ ਨਹੀਂ ਰਿਹਾ ਜਾ ਸਕਦਾ ਕਿ ਅਕਾਲੀ ਪਾਰਟੀ ਵਲੋਂ ਜਦੋਂ ਵੀ ਕੇਂਦਰ ਨਾਲ ਕੋਈ ਸਿਆਸੀ ਸਮਝੌਤਾ ਕਰਨ ਦੀ ਗੱਲ ਤੁਰਦੀ ਰਹੀ ਤਾਂ ਸਾਮਰਾਜੀ ਸ਼ਹਿ ਅਤੇ ਮਦਦ ਪ੍ਰਾਪਤ ਇਹ ਤੱਤ ਡੱਟਕੇ ਵਿਰੋਧ ਕਰਦੇ ਰਹੇ।

ਅਕਾਲੀ ਪਾਰਟੀ ਵਲੋਂ ਆਪਣਾ ਮੋਰਚਾ ਕੁਝ ਸਿਆਸੀ ਅਤੇ ਧਾਰਮਕ ਮੰਗਾਂ ਲਈ ਲਾਇਆ ਗਿਆ ਸੀ ਪਰ ਇਸ ਮੋਰਚੇ ਦੇ ਨਾਲ ਖਾਲਿਸਤਾਨ ਤੱਤ ਵੀ ਨਾ ਕੇਵਲ ਆਪਣਾ ਪਰਚਾਰ ਹੀ ਕਈ ਤਰੀਕਿਆਂ ਨਾਲ ਕਰਦੇ ਰਹੇ ਸਗੋਂ ਬੇਗੁਨਾਹ ਲੋਕਾਂ ਤੇ ਸਿਆਸੀ ਆਗੂਆਂ ਦੇ ਕਤਲ ਵੀ ਕਰਦੇ ਰਹੇ।

ਇਹ ਗੱਲ ਵੀ ਨੋਟ ਕਰਨ ਵਾਲੀ ਹੈ ਕਿ ਅਕਾਲੀ ਮੋਰਚੇ ਦੇ ਦੌਰਾਨ ਜਦੋਂ ਕਦੇ ਵੀ ਅਕਾਲੀ ਆਗੂ ਕੇਂਦਰ ਨਾਲ ਗੱਲ ਬਾਤ ਲਈ ਦਿੱਲੀ ਜਾਂਦੇ ਰਹੇ ਤਾਂ ਅੱਤਵਾਦੀ-ਵੱਖਵਾਦੀ ਤੱਤ ਉਸ ਗੱਲਬਾਤ ਨਾਲ ਮੇਲਵੇਂ ਐਕਸ਼ਨ ਕਰਦੇ ਰਹੇ।

ਕੇਂਦਰੀ ਸਰਕਾਰ ਵਲੋਂ ਅਕਾਲੀ ਮੋਰਚੇ ਸਮੇਂ ਅਪਣਾਈ ਗਈ ਲਟਕਾਅ ਦੀ ਪਾਲਸੀ ਕਾਰਨ ਸ੍ਰੀ ਹਰਮੰਦਰ ਸਾਹਿਬ ਕੰਪਲੈਕਸ ਅੰਦਰ ਅਕਾਲੀ ਆਗੂਆਂ ਦਾ ਬੋਲ ਬਾਲਾ ਘਟਦਾ ਗਿਆ ਅਤੇ ਭਿੰਡਰਾਂਵਾਲਾ ਦੇ ਅੱਤਵਾਦੀ ਗਰੋਹ ਦੀ ਚੜ੍ਹ ਮਚਦੀ ਗਈ।

ਨੀਲਾ ਤਾਰਾ ਉਪਰੇਸ਼ਨ ਤੋਂ ਤਿੰਨ ਚਾਰ ਮਹੀਨੇ ਪਹਿਲਾਂ ਇਸ ਤਰਾਂ ਦੀ ਸਥਿਤੀ ਪੈਦਾ ਹੋ ਗਈ ਸੀ ਕਿ ਓਥੋਂ ਡਰ ਤੇ ਦਹਿਸ਼ਤ ਕਾਰਨ ਸਾਰੇ ਅਕਾਲੀ ਆਗੂ ਭੱਜ ਗਏ ਸਨ— ਕੇਵਲ ਮੋਰਚੇ ਦੇ ਡਿਕਟੇਟਰ ਹਰਚੰਦ ਸਿੰਘ ਲੋਂਗੋਵਾਲ ਹੀ ਰਹਿ ਗਏ ਸਨ ਜਿੰਨ੍ਹਾਂ ਨੂੰ ਕਿ ਅੱਤਵਾਦੀ ਤੱਤਾਂ ਵਲੋਂ ਲਗਾਤਾਰ ਧਮਕੀਆਂ ਮਿਲ ਰਹੀਆਂ ਸਨ।

ਉਸ ਦੌਰ ਵਿਚ ਅਕਾਲੀ ਪਾਰਟੀ ਦੀ ਲੀਡਰਸ਼ਿਪ ਭਿੰਡਰਾਂਵਾਲਾ ਤੇ ਉਸ ਦੇ ਅੱਤਵਾਦੀ ਗਰੋਹ ਨਾਲੋਂ ਸਪੱਸ਼ਟ ਨਖੇੜਾ ਨਾ ਕਰ ਸਕੀ। ਇਸ ਤੋਂ ਬਿਨਾਂ ਸ਼ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਦਾ ਪਰਧਾਨ ਸ੍ਰੀ ਗੁਰਚਰਨ ਸਿੰਘ ਟੌਹੜਾ ਤੇ ਕਮੇਟੀ ਦੇ ਹੋਰ ਅਧਿਕਾਰੀ ਵੀ ਆਪਣੇ ਫਰਜ਼ ਨਾ ਨਿਭਾ ਸਕੇ। ਇਸ ਦੇ ਉਲਟ ਉਹ ਭਿੰਡਾਂਰਵਾਲਾ ਦੇ ਅੱਤਵਾਦੀ ਗਰੋਹ ਅੱਗੇ ਗੋਡੇ ਟੇਕ ਗਏ। ਇਸ ਤਰਾਂ ਅਕਾਲੀ ਲੀਡਰਸ਼ਿਪ ਅਤੇ ਸ਼ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਦੇ ਕਰਤਿਆਂ ਧਰਤਿਆਂ ਦੀ ਇਸ ਤਰਾਂ ਦੀ ਪਹੁੰਚ ਕਾਰਨ ਭਿੰਡਰਾਂਵਾਲਾ ਤੇ ਉਸਦੇ ਸਾਥੀਆਂ ਨੂੰ ਨਾ ਕੇਵਲ ਆਪਣੀ ਸੋਧ ਅਨੁਸਾਰ ਕੰਮ ਕਰਨ ਦਾ ਹੀ ਮੌਕਾ ਮਿਲਿਆ ਸਗੋਂ ਉਹਨਾਂ ਨੇ ਸ੍ਰੀ ਹਰਮੰਦਰ ਸਾਹਿਬ ਕੰਪਲੈਕਸ ਉੱਤੇ ਆਪਣਾ ਮੁਕੰਮਲ ਕਬਜ਼ਾ ਜਮਾ ਲਿਆ ਅਤੇ ਇਸ ਨੂੰ ਇਕ ਕਿਲੇ ਦਾ ਰੂਪ ਦੇ ਦਿੱਤਾ।

ਅੱਤਵਾਦੀ-ਵੱਖਵਾਦੀ ਤੱਤ ਨਾ ਕੇਵਲ ਐਕਸ਼ਨ ਕਰਕੇ ਹੀ ਏਥੇ ਪਨਾਹ ਲੈਂਦੇ ਰਹੇ ਸਗੋਂ ਉਸ ਦੌਰ ਵਿਚ ਭਿੰਡਰਾਂਵਾਲਾ ਨੇ ਏਨੀ ਦਹਿਸ਼ਤ ਪੈਦਾ ਕਰ ਦਿੱਤੀ ਸੀ ਕਿ ਉਸ ਸਮੇਂ ਦੇ ਜ਼ਿਲਾ ਅੰਮ੍ਰਿਤਸਰ ਦੇ ਪੁਲਸ ਅਧਿਕਾਰੀ ਅਤੇ ਹੋਰ ਕਈ ਸਰਕਾਰੀ ਅਫਸਰ ਵੀ ਉਸਦੇ ਇਸ਼ਾਰਿਆਂ ਉੱਤੇ ਚਲਦੇ ਸਨ ਅਤੇ ਉਹ ਇਕ ਤਰਾਂ ਨਾਲ ਆਪਣੇ ਆਪ ਨੂੰ ਜ਼ਿਲਾ ਅੰਮ੍ਰਿਤਸਰ ਦਾ ਹੁਕਮਰਾਨ ਸਮਝਣ ਲੱਗ ਪਿਆ ਸੀ।

ਇਸ ਪਿਛੋਕੜ ਵਿਚ ਕੇਂਦਰੀ ਸਰਕਾਰ ਨੇ ਅੱਤਵਾਦੀ ਅੱਡੇ ਨੂੰ ਤੋੜਨ ਲਈ ਫੌਜੀ ਐਕਸ਼ਨ ਕੀਤਾ ਜਿਸ ਬਾਰੇ ਵੱਖ-ਵੱਖ ਧਿਰਾਂ ਦੇ ਪ੍ਰਤੀਕਰਮ ਉਸ ਦੌਰ ਵਿਚ ਹੀ ਰੀਕਾਰਡ ਹੋ ਚੁਕੇ ਹਨ।

ਨੀਲਾਤਾਰਾ ਉਪਰੇਸ਼ਨ ਤੋਂ ਪਿਛੋਂ ਪੰਜਾਬ ਕਾਫੀ ਸਮਾਂ ਫੌਜ ਦੇ ਹਵਾਲੇ ਰਿਹਾ ਅਤੇ ਉਘੇ ਅਕਾਲੀ ਆਗੂ ਨਜ਼ਰਬੰਦ ਰਹੇ। ਇਸ ਦੌਰ ਵਿਚ ਬਹੁਤ ਸਾਰੇ ਅੱਤਵਾਦੀ ਤੱਤ ਜਾਂ ਤਾਂ ਪੰਜਾਬ ਛਡਕੇ ਹੋਰ ਰਾਜਾਂ ਵਿਚ ਚਲੇ ਗਏ ਤੇ ਜਾਂ ਚੋਰੀ ਛਿਪੇ ਪਾਕਿਸਤਾਨ ਵਿਚ ਦਾਖਲ ਹੋ ਗਏ। ਪਹਿਲਾਂ ਵੀ ਇਹਨਾਂ ਵਿਚੋਂ ਬਹੁਤਿਆਂ ਦਾ ਪਾਕਿਸਤਾਨ ਨਾਲ ਸੰਪਰਕ ਸੀ ਤੇ ਇਹ ਉਥੋਂ ਹਥਿਆਰ ਆਦਿ ਲੈਕੇ ਆਉਂਦੇ ਸਨ।

ਨੀਲਾਤਾਰਾ ਉਪਰੇਸ਼ਨ ਤਿੰਨ ਜੂਨ ਨੂੰ ਹੋਇਆ ਅਤੇ ਇਸਦੇ ਲਗਪਗ 5 ਮਹੀਨੇ ਪਿਛੋਂ ਮਰਹੂਮ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦਾ ਕਤਲ ਹੋ ਗਿਆ। ਇਸ ਕਤਲ ਪਿਛੇ ਸਾਮਰਾਜ ਦੀ ਡੂੰਘੀ ਸਾਜ਼ਿਸ਼ ਸੀ। ਕਤਲ ਤੋਂ ਪਿਛੋਂ ਰਾਜਧਾਨੀ ਤੇ ਦੇਸ਼ ਦੇ ਕੁਝ ਹੋਰ ਭਾਗਾਂ ਵਿਚ ਫਿਰਕੂ ਦੰਗੇ ਹੋਏ ਜੋ ਕਿ ਜਥੇਬੰਦ ਕੀਤੇ ਗਏ ਸਨ। ਇਹਨਾਂ ਦੰਗਿਆਂ ਵਿਚ ਸੈਂਕੜੇ ਬੇਗੁਨਾਹ ਲੋਕ ਮਾਰੇ ਗਏ ਅਤੇ ਹੋਰ ਵੀ ਜਾਇਦਾਦਾਂ ਆਦਿ ਦਾ ਨੁਕਸਾਨ ਹੋਇਆ। ਇਸ ਨਾਲ ਹਾਲਤ ਹੋਰ ਵੀ ਗੰਭੀਰ ਹੋਈ। ਕਈ ਨਵੀਆਂ ਸਮਸਿਆਵਾਂ ਪੈਦਾ ਹੋ ਗਈਆਂ। ਇਸ ਘਟਨਾਂ ਨੇ ਭਿੰਡਰਾਂਵਾਲਾ ਦੇ ਹਮਾਇਤੀ ਤੱਤਾਂ ਨੂੰ ਉਤਸ਼ਾਹਤ ਕੀਤਾ ਅਤੇ ਉਹਨਾਂ ਨੇ ਫੇਰ ਆਪਣੇ ਆਪ ਨੂੰ ਜਥੇਬੰਦ ਕਰਨਾ ਸ਼ੁਰੂ ਕਰ ਦਿਤਾ।

---

ਸ਼ਾਮਲ ਹਨ। ਇਹਨਾਂ ਲੋਕਾਂ ਦੀ ਆਰਥਕ ਹਾਲਤ ਤਾਂ ਹੀ ਸੁਧਰ ਸਕਦੀ ਹੈ, ਤਾਂ ਹੀ ਇਹਨਾਂ ਦਾ ਸਮਾਜ ਅੰਦਰ ਮਾਣ ਸਤਿਕਾਰ ਵਧ ਸਕਦਾ ਹੈ ਜੇਕਰ ਇਹਨਾ ਨੂੰ ਥੋਹੜੀ ਬਾਹਲੀ ਜ਼ਮੀਨ ਮਿਲੇ। ਇਹ ਤਾਂ ਹੀ ਮਿਲ ਸਕਦੀ ਹੈ ਜੇਕਰ ਸਰਕਾਰ ਇਕ ਤਾਂ ਦੇਸ਼ ਅੰਦਰ ਤਿਖੇ ਜ਼ਮੀਨੀ ਸੁਧਾਰ ਕਰੇ ਅਤੇ ਵਾਧੂ ਜ਼ਮੀਨਾਂ ਇਹਨਾਂ ਵਿਚ ਵੰਡੇ ਤੇ ਦੂਜੇ ਸਰਕਾਰੀ ਬੰਜਰ ਤੇ ਨਜ਼ੂਲ ਜ਼ਮੀਨਾਂ ਇਹਨਾਂ ਵਰਗਾਂ ਵਿਚ ਵੰਡੀਆਂ ਜਾਣ।

ਜੇ ਸਰਕਾਰ ਇਹ ਕੁਝ ਨਹੀਂ ਕਰਦੀ ਤਾਂ ਦੱਬੇ ਕੁਚਲੇ ਲੋਕਾਂ ਨੂੰ ਉੱਚਾ ਚੁੱਕਣ ਦੇ ਦਾਅਵੇ ਨਿਰੇ ਦਾਅਵੇ ਹੀ ਹੋਣਗੇ।

ਪਰਧਾਨ ਮੰਤਰੀ ਨੇ ਆਪਣੇ ਭਾਸ਼ਣ ਵਿਚ ਦੇਸ ਦੇ ਵੱਖ ਵੱਖ ਭਾਗਾਂ ਵਿਚ ਪਈ ਔੜ ਦਾ ਵੀ ਵਰਨਣ ਕੀਤਾ ਅਤੇ ਇਸ ਕੌਮੀ ਬਿਪਤਾ ਦਾ ਟਾਕਰਾ ਕਰਨ ਲਈ ਸਾਂਝੀਆਂ ਜਨਤਕ ਕੋਸ਼ਿਸ਼ਾਂ ਦਾ ਸੱਦਾ ਦਿੱਤਾ। ਇਸ ਸਬੰਧ ਵਿਚ ਉਹਨਾਂ ਨੇ ਮੁਖ ਮੰਤਰੀਆਂ ਦੀ ਮੀਟਿੰਗ ਬੁਲਾਉਣ ਦਾ ਵੀ ਐਲਾਨ ਕੀਤਾ।

ਇਹ ਚੰਗੀ ਗੱਲ ਹੈ ਕਿ ਔੜ ਦੇ ਸੁਆਲ ਉੱਤੇ ਵਿਚਾਰ ਕਰਨ ਲਈ ਪਰਧਾਨ ਮੰਤਰੀ ਨੇ ਮੁਖ ਮੰਤਰੀਆਂ ਦੀ ਮੀਟਿੰਗ ਬੁਲਾਈ ਹੈ। ਕਿੰਨਾ ਚੰਗਾ ਹੁੰਦਾ ਜੇ ਇਹ ਮੀਟਿੰਗ ਕੁਝ ਸਮਾਂ ਪਹਿਲਾਂ ਬੁਲਾ ਲਈ ਗਈ ਹੁੰਦੀ।

ਪਰਧਾਨ ਮੰਤਰੀ ਨੇ ਆਪਣੇ ਭਾਸ਼ਣ ਵਿਚ ਸਨਅਤੀ ਅਤੇ ਖੇਤੀ ਫਰੰਟ ਉਤੇ ਹਾਲਤ ਚੰਗੀ ਹੋਣ ਬਾਰੇ ਜਿਹੜੇ ਦਾਅਵੇ ਕੀਤੇ ਹਨ ਉਹ ਕਿਸੇ ਤਰਾਂ ਵੀ ਹਕੀਕਤਾਂ ਨਾਲ ਮੇਲ ਨਹੀਂ ਖਾਂਦੇ। ਇਹਨਾਂ ਦੋਹਾਂ ਹੀ ਫਰੰਟਾਂ ਤੇ ਵੱਡੀ ਪਿਛਾੜ ਵੱਜੀ ਹੈ।

ਸੰਖੇਪ ਵਿਚ ਇਹ ਕਿਹਾ ਜਾ ਸਕਦਾ ਹੈ ਕਿ ਪਰਧਾਨ ਮੰਤਰੀ ਦਾ ਭਾਸ਼ਣ ਦੇਸ਼ ਨੂੰ ਦਰਪੇਸ਼ ਸਮਸਿਆਵਾਂ ਵਿਚੋਂ ਕਿਸੇ ਇਕ ਦਾ ਵੀ ਹੱਲ ਨਹੀਂ ਦਸਦਾ।

ਇਸ ਪਿਛੋਂ ਦੇਸ਼ ਅੰਦਰ ਇਹ ਗਲ ਜ਼ੋਰਦਾਰ ਢੰਗ ਨਾਲ ਉਠੀ ਕਿ ਕੇਂਦਰੀ ਸਰਕਾਰ ਪੰਜਾਬ ਦੇ ਸਿਆਸੀ ਮਸਲੇ ਦਾ ਨਿਬੇੜਾ ਕਰੇ।

ਪ੍ਰਧਾਨ ਮੰਤਰੀ ਰਾਜੀਵ ਗਾਂਧੀ ਨੇ ਲੋਕ ਸਭਾ ਦੀਆਂ ਚੋਣਾਂ ਸਮੇਂ ਤਾਂ ਅਨੰਦਪੁਰ ਸਾਹਿਬ ਦੇ ਮਤੇ ਨੂੰ ਵੀ ਵਰਤਿਆ ਅਤੇ ਦੇਸ਼ ਦੀ ਏਕਤਾ ਅਖੰਡਤਾ ਨੂੰ ਖਤਰੇ ਦੇ ਨਾਹਰੇ ਨੂੰ ਵੀ ਪਰ ਚੋਣਾਂ ਵਿਚ ਜਿੱਤ ਹਾਸਲ ਕਰਨ ਤੋਂ ਪਿਛੋਂ ਉਹਨਾਂ ਨੇ ਅੰਦਰ ਖਾਤੇ ਜੇਲਾਂ ਵਿਚ ਬੰਦ ਅਕਾਲੀ ਆਗੂਆਂ ਨਾਲ ਸੰਪਰਕ ਪੈਦਾ ਕੀਤਾ, ਜਿਸਦੇ ਸਿਟੇ ਵਜੋਂ ਅਕਾਲੀ ਲੀਡਰ ਰਿਹਾ ਕਰ ਦਿਤੇ ਗਏ ਤੇ ਉਸ ਪਿਛੋਂ ਕੇਂਦਰ ਅਤੇ ਅਕਾਲੀ ਆਗੂਆਂ ਵਿਚਕਾਰ ਇਕ ਸਮਝੌਤਾ ਹੋਇਆ। ਜੋ ਕਿ ਰਾਜੀਵ-ਲੌਂਗੋਵਾਲ ਸਮਝੌਤੇ ਦੇ ਨਾਂ ਨਾਲ ਪ੍ਰਸਿੱਧ ਹੈ।

ਉਦੋਂ ਇਸ ਸਮਝੌਤੇ ਦਾ ਦੇਸ਼ ਭਰ ਵਿਚ ਵਿਆਪਕ ਸੁਆਗਤ ਕੀਤਾ ਗਿਆ ਸੀ ਅਤੇ ਕੋਈ ਵੀ ਅਕਾਲੀ ਆਗੂ ਇਸ ਸਮਝੌਤੇ ਦਾ ਉਦੋਂ ਵਿਰੋਧ ਨਹੀਂ ਸੀ ਕਰ ਸਕਿਆ। ਪਰ ਇਸ ਸਮਝੌਤੇ ਨੂੰ ਅੱਤਵਾਦੀ-ਵੱਖਵਾਦੀ ਤੱਤ ਆਪਣੀ ਹਾਰ ਸਮਝਦੇ ਸਨ। ਏਸੇ ਲਈ ਉਹਨਾਂ ਨੇ ਸੰਤ ਹਰਚੰਦ ਸਿੰਘ ਲੌਂਗੋਵਾਲ ਨੂੰ ਗੋਲੀਆਂ ਮਾਰਕੇ ਸ਼ਹੀਦ ਕਰ ਦਿਤਾ।

ਸੰਤ ਲੌਂਗੋਵਾਲ ਦੀ ਸ਼ਹਾਦਤ ਤੋਂ ਪਿਛੋਂ ਉਹਨਾਂ ਦੀ ਗੱਦੀ ਸੁਰਜੀਤ ਸਿੰਘ ਬਰਨਾਲਾ ਨੇ ਸਾਂਭੀ ਅਤੇ ਪੰਜਾਬ ਅੰਦਰ ਜਿਹੜੀਆਂ ਅਸੰਬਲੀ ਚੋਣਾਂ ਹੋਈਆਂ ਉਹ ਪੰਜਾਬ ਸਮਝੌਤੇ ਦੇ ਸੁਆਲ ਤੇ ਹੀ ਲੜੀਆਂ ਗਈਆਂ ਅਤੇ ਸੱਭੇ ਹੀ ਅਕਾਲੀ ਲੀਡਰਾਂ ਨੇ ਇਹਨਾਂ ਚੋਣਾਂ ਵਿਚ ਡਟਕੇ ਹਿੱਸਾ ਲਿਆ ਅਤੇ ਪੰਜਾਬ ਸਮਝੌਤੇ ਨੂੰ ਅਕਾਲੀ ਦਲ ਦੀ ਜਿੱਤ ਕਿਹਾ।

ਪੰਜਾਬ ਸਮਝੌਤੇ ਦੇ ਵਿਰੋਧੀ ਅੱਤਵਾਦੀ-ਵੱਖਵਾਦੀ ਤੱਤਾ ਨੇ ਨਾ ਕੇਵਲ ਪੰਜਾਬ ਸਮਝੌਤੇ ਨੂੰ ਗਦਾਰੀ ਹੀ ਕਿਹਾ ਸਗੋਂ ਚੋਣਾਂ ਦੇ ਬਾਈਕਾਟ ਦਾ ਵੀ ਸੱਦਾ ਦਿਤਾ। ਪਰ ਚੋਣ ਸਿਟਿਆਂ ਨੇ ਇਹ ਗਲ ਦਰਸਾ ਦਿਤੀ ਕਿ ਉਹ ਆਟੇ ਵਿਚ ਲੂਣ ਵੀ ਨਹੀਂ ਸਨ।

ਜੇ ਪੰਜਾਬ ਸਮਝੌਤਾ ਪੜਾਅਵਾਰ ਲਾਗੂ ਹੋ ਜਾਂਦਾ ਤਾਂ ਅਜ ਪੰਜਾਬ ਨੂੰ ਇਹ ਦਿਨ ਨਾ ਵੇਖਣੇ ਪੈਂਦੇ। ਨਾ ਹੀ ਅਕਾਲੀ ਦਲ ਦੋ-ਫਾੜ ਹੁੰਦਾ ਤੇ ਨਾ ਹੀ ਅੱਤਵਾਦੀ-ਵੱਖਵਾਦੀ ਤੱਤਾਂ ਦੀ ਚੜ੍ਹ ਮਚਦੀ। ਕੇਂਦਰ ਦੀ ਪੰਜਾਬ ਸਮਝੌਤੇ ਤੇ ਅਮਲ ਨਾ ਕਰਨ ਦੀ ਨੀਤੀ ਕਾਰਨ ਹਾਲਾਤ ਵਿਗੜੇ ਅਤੇ ਇਸ ਅਵਸਥਾ ਤੋਂ ਲਾਭ ਉਠਾਕੇ ਅੱਤਵਾਦੀ-ਵੱਖਵਾਦੀ ਤੱਤ ਆਪਣੇ ਨਿਸ਼ਾਨੇ ਵੱਲ ਵਧਦੇ ਗਏ।

ਅਜੋਕੀ ਅਵਸਥਾ ਵਿਚ ਵੀ ਇਹਨਾਂ ਦੇਸ਼ ਧਰੋਹੀ ਅੱਤਵਾਦੀ-ਵੱਖਵਾਦੀ ਤੱਤਾਂ ਨੂੰ ਹਾਰ ਦਿਤੀ ਜਾ ਸਕਦੀ ਤੇ ਬੁਰੀ ਤਰਾਂ ਨਿਖੇੜਿਆ ਜਾ ਸਕਦਾ ਹੈ ਜੇਕਰ ਇਕ ਤਾਂ ਕੇਂਦਰੀ ਸ਼ਰਕਾਰ ਪੰਜਾਬ ਸਮਝੌਤੇ ਦੀ ਸੇਧ ਵਿਚ ਮਸਲਾ ਨਿਬੇੜਨ ਲਈ ਫੌਰੀ ਤੌਰ ਉਤੇ ਨਵੀਆਂ ਰਾਜਸੀ ਪਹਿਲ ਕਦਮੀਆਂ ਲਵੇ ਤੇ ਦੂਜੇ ਸਮੁੱਚੀ ਅਕਾਲੀ ਲੀਡਰਸ਼ਿਪ ਉਹਨਾਂ ਅੱਤਵਾਦੀ ਵੱਖਵਾਦੀ ਤੱਤਾਂ ਦਾ ਡਟਕੇ ਵਿਰੋਧ ਕਰੇ ਜਿਹਨਾਂ ਵਲੋਂ ਇਹ ਗੱਲ ਕਹੀ ਜਾ ਰਹੀ ਹੈ ਕਿ ਉਹ ਖਾਲਿਸਤਾਨ ਲਈ ਖੜੇ ਹਨ ਅਤੇ ਮੁੱਖ ਜਥੇਦਾਰ ਪ੍ਰੋ: ਦਰਸਨ ਸਿੰਘ ਦੀ ਇਸ ਪਾਲਸੀ ਨਾਲ ਸਹਿਮਤ ਨਹੀਂ ਹਨ ਕਿ ਮਸਲੇ ਦੇ ਨਿਬੇੜੇ ਲਈ ਗਲਬਾਤ ਦਾ ਰਾਹ ਧਾਰਨ ਕੀਤਾ ਜਾਵੇ। ਆਦਿ......

ਸਿੱਖ ਕਨਵੈਨਸ਼ਨ ਸਮੇਂ ਛਿੜੇ ਵਾਦ-ਵਿਵਾਦ ਤੋਂ ਕੁਝ ਦਿਨ ਪਿਛੋਂ ਅਕਾਲ ਤਖਤ ਦੇ ਮੁਖ ਜਥੇਦਾਰ ਪ੍ਰੋ: ਦਰਸ਼ਨ ਸਿੰਘ ਵਲੋਂ ਡੰਡਾ ਡੇਰਾ ਪੁੱਟਕੇ ਆਪਣੇ ਘਰ ਚਲੇ ਜਾਣ ਦਾ ਵਾਕਿਆ ਅਕਾਲੀ ਆਗੂਆਂ ਦੀ ਹੀ ਹਾਰ ਸਮਝੀ ਜਾਵੇਗੀ। ਜੇ ਅਕਾਲੀਪਾਰਟੀ ਤੇ ਉਸਦੇ ਆਗੂਆਂਵਲੋਂ ਕਨਵੈਨਸ਼ਨ ਅੰਦਰ ਮੁਖ ਜਥੇਦਾਰ ਉਤੇ ਲਫਜ਼ੀ ਹਮਲੇ ਕਰਨ ਤੇ ਧਮਕੀਆਂ ਦੇਣ ਵਾਲਿਆਂ ਦੀ ਡਟਕੇ ਨਿੰਦਾ ਕੀਤੀ ਹੁੰਦੀ ਤਾਂ ਸ਼ਾਇਦ ਮੁਖ ਜਥੇਦਾਰ ਪ੍ਰੋ: ਦਰਸ਼ਨ ਸਿੰਘ ਸ੍ਰੀ ਹਰਮੰਦਰ ਸਾਹਿਬ ਤੋਂ ਇਸ ਤਰਾਂ ਨਾ ਜਾਂਦੇ ਸਗੋਂ ਉਥੇ ਡਟਕੇ ਜੰਮੇ ਰਹਿੰਦੇ।

ਸ੍ਰੀ ਹਰਮੰਦਰ ਸਾਹਿਬ ਕੰਪਲੈਕਸ ਵਿਚੋਂ ਅਕਾਲ ਤਖਤ ਦੇ ਮੁਖ ਜਥੇਦਾਰ ਵਲੋਂ ਲਾਂਭੇ ਹੋ ਜਾਣ ਅਤੇ ਅੱਤਵਾਦੀਆਂ ਦੇ ਹੱਥ ਵਿਚ ਧਾਰਮਕ ਪਲੇਟ ਫਾਰਮ ਆਉਣ ਨਾਲ ਜਿਹੜੇ ਵਡੇ ਖਤਰੇ ਸਾਹਮਣੇ ਹਨ ਉਹਨਾਂ ਦਾ ਟਾਕਰਾ ਕਰਨ ਲਈ ਅਕਾਲੀ ਆਗੂਆਂ ਨੂੰ ਸਿਰ ਜੋੜਕੇ ਸੋਚਣਾ ਚਾਹੀਦਾ ਹੈ—ਅਤੇ ਵੱਖਵਾਦੀ ਤੱਤਾਂ ਵਲੋਂ ਪੇਸ਼ ਕੀਤੀ ਗਈ ਦੇਸ਼ ਧ੍ਰੋਹੀ ਲਾਈਨ ਦਾ ਡਟਕੇ ਵਿਰੋਧ ਕਰਨਾ ਚਾਹੀਦਾ ਹੈ।

---

ਸਫ਼ਾ 8 ਦੀ ਬਾਕੀ

ਵਿਚੋਂ ਕਢੇ ਜਾਣ ਦਾ ਖਤਰਾ ਮੂਲ ਨਾ ਲਿਆ ਅਤੇ ਉਹਨਾਂ ਦੀ ਕਾਂਗਰਸ ਪ੍ਰਤੀ ਵਫਾਦਾਰੀ ਸਹੀ ਸਿਧ ਹੋਈ। ਇਸ ਲਈ ਵਿਰੋਧੀ ਧਿਰ ਅਤੇ ਪ੍ਰੈਸ ਦੇ ਕੁਝ ਮਿਤਰਾਂ ਦੀ ਤਰਫੋਂ ਇਹ ਅੰਦਾਜ਼ਾ ਲਗਾਉਣਾ ਅਸਲ ਵਿਚ ਹੀ ਇਕ 'ਬੇਕਾਰ ਦੀ ਅਟਕਲਬਾਜੀ' ਸੀ ਕਿ ਜੇ 'ਗਿਆਨੀ ਜ਼ੈਲ ਸਿੰਘ ਨੂੰ ਵਿਰੋਧੀ ਧਿਰ ਦਾ ਉਮੀਦਵਾਰ ਬਣਾ ਲਿਆ ਜਾਂਦਾ ਤਾਂ ਕਾਂਗਰਸ ਵਿਚੋਂ ਵਡੇ ਪੈਮਾਨੇ ਤੇ ਮੈਂਬਰ ਟੁਟ ਕੇ ਵਿਰੋਧੀ ਕੈਂਪ ਵਿਚ ਆ ਜਾਣੇ ਸਨ।' ਰਾਸ਼ਟਰਪਤੀ ਦੀ ਚੋਣ ਦੇ ਸਮੇਂ ਦਲ-ਬਦਲੀ ਕਰਵਾਉਣ ਦੀ ਬਿਲਕੁਲ ਹੀ ਧੜੇਬੰਦਕ ਅਤੇ ਗੈਰ ਯਥਾਰਥਵਾਦੀ ਚਾਲ ਦੇ ਉਲਟ ਇਹ ਵਰਤਮਾਨ ਟਕਰਾਅ ਨੀਤੀਆਂ ਨੂੰ ਲੈ ਕੇ ਹੈ।

ਹੁਣ ਨੀਤੀਆਂ ਨੂੰ ਲੈ ਕੇ ਇਹ ਟਕਰਾਅ ਉਭਰ ਕੇ ਸਾਹਮਣੇ ਆ ਗਿਆ ਹੈ। ਵੀ. ਪੀ. ਸਿੰਘ ਅਤੇ ਉਸਦੇ ਮਿਤਰਾਂ ਨੇ ਔੜ ਵਰਗੀਆਂ ਲੋਕਾਂ ਦੀਆਂ ਤਿਖੀਆਂ ਸਮਸਿਆਵਾਂ ਅਤੇ ਭ੍ਰਿਸ਼ਟਾਚਾਰ ਵਰਗੀਆਂ ਰਾਜਨੀਤਕ ਸਮਸਿਆਵਾਂ ਉਠਾਈਆਂ ਹਨ ਅਤੇ ਰਾਜੀਵ ਸਰਕਾਰ ਦੇ ਅਸਤੀਫੇ ਤੇ ਨਵੀਆਂ ਚੋਣਾਂ ਦੀ ਮੰਗ ਕੀਤੀ ਹੈ। ਜਨਤਕ ਸੰਘਰਸ਼ਾਂ ਦੀ ਇਕ ਅਜਿਹੀ ਲਹਿਰ ਚਲਾਉਣੀ ਸੰਭਵ ਹੈ ਜਿਸ ਵਿਚ ਧਰਮ ਨਿਰਲੇਪ ਜਮਹੂਰੀ ਵਿਰੋਧੀ ਧਿਰ ਦੀਆਂ ਤਾਕਤਾਂ ਅਤੇ ਨਿਰਾਸ਼ 'ਕਾਂਗਰਸੀ' ਆਪਸੀ ਸਹਿਯੋਗ ਕਰ ਸਕਦੇ ਹਨ। ਸਾਡੀ ਪਾਰਟੀ ਦੇ ਸੱਦੇ ਦਾ ਇਹ ਨਿਚੋੜ ਹੈ।

●


# DOSANJH & PIRANI

**#202 - 5887 Victoria Drive, Vancouver, B.C. V5P 3W5**

**Phone 327-6381**

● ਪਰਸਨਲ ਸੱਟਾਂ ਦੀ ਇਨਸ਼ੋਰੇਂਸ ਦੇ ਕੇਸ ● ਜ਼ਮੀਨ ਖ਼੍ਰੀਦਣ ਤੇ ਵੇਚਣ ਦੇ ਕਾਗਜ਼ਾਤ

● ਵਿਉਪਾਰਕ ਮਸਲੇ ● ਪ੍ਰਵਾਰ ਤੇ ਤਲਾਕ ● ਫੌਜਦਾਰੀ ਤੇ ਸਿਵਲ ● ਕੋਰਟ ਟਰਾਇਲ

# ਦੇਸ ਵਿਰੋਧੀ ਡੂੰਘੀਆਂ ਸਾਜ਼ਿਸ਼ਾਂ

ਸਾਡੇ ਦੇਸ ਵਿਰੁੱਧ ਕਾਫੀ ਸਾਲਾਂ ਤੋਂ ਇਕ ਡੂੰਘੀ ਸਾਜ਼ਿਸ਼ ਚਲ ਰਹੀ ਹੈ। ਇਹ ਸਾਜ਼ਿਸ਼ ਸਾਮਰਾਜੀ ਸ਼ਕਤੀਆਂ ਵਲੋਂ ਵਿਉਂਤੀ ਗਈ ਹੈ। ਇਸ ਸਾਜ਼ਿਸ਼ ਤਹਿਤ ਜਿੱਥੇ ਦੇਸ ਨੂੰ ਅੰਦਰੋਂ ਢਹਿ-ਢੇਰੀ ਕਰਨ ਦੀਆਂ ਕੋਸ਼ਿਸ਼ਾਂ ਹੋ ਰਹੀਆਂ ਹਨ ਓਥੇ ਬਾਹਰ ਤੋਂ ਘੇਰਨ ਦੀਆਂ ਕੋਸ਼ਿਸ਼ਾਂ ਵੀ ਜਾਰੀ ਹਨ।

ਪਾਕਿਸਤਾਨ ਵਿਚ ਜਦੋਂ ਤੋਂ ਫੌਜੀ ਹਕੂਮਤ ਆਈ ਹੈ ਉਦੋਂ ਤੋਂ ਹੀ ਉਥੇ ਧੜਾ ਧੜਾ ਅਮਰੀਕੀ ਹਥਿਆਰ ਆ ਰਹੇ ਹਨ। ਹਕੀਕਤ ਤਾਂ ਇਹ ਹੈ ਕਿ ਪਾਕਿਸਤਾਨ ਅੰਦਰ ਫੌਜੀ ਰਾਜ ਪਲਟਾ ਹੀ ਅਮਰੀਕਾ ਵਲੋਂ ਕਰਵਾਇਆ ਗਿਆ। ਇਸ ਪਿੱਛੇ ਨਿਸ਼ਾਨਾ ਇਹ ਸੀ ਕਿ ਇਸ ਦੇਸ ਨੂੰ ਅਮਰੀਕਾ ਦਾ ਇਰਾਨ ਵਰਗਾ ਅੱਡਾ ਬਣਾਇਆ ਜਾਵੇ ਜਿਥੋਂ ਕਿ ਅਮਰੀਕਾ ਦਾ ਖਿਸਤਰਾ ਗੋਲ ਹੋਇਆ ਸੀ।

ਇਸ ਸਮੇਂ ਜਿਸ ਕਿਸਮ ਦੀ ਸਥਿਤੀ ਹੈ ਉਸ ਅਨੁਸਾਰ ਪਾਕਿਸਤਾਨ ਇਕ ਤਰਾਂ ਨਾਲ ਅਮਰੀਕਾ ਦੀ ਕਠਪੁਤਲੀ ਹੈ। ਪਾਕਿਸਤਾਨ ਨੂੰ ਨਾ ਕੇਵਲ ਅੱਤ ਨਵੀਨ ਅਮਰੀਕੀ ਹਥਿਆਰ ਹੀ ਧੜਾ ਧੜ ਪਹੁੰਚ ਰਹੇ ਹਨ ਸਗੋਂ ਇਹ ਦੇਸ ਅਮਰੀਕੀ ਖੁਫੀਆ ਏਜੰਸੀਆਂ ਦਾ ਵੀ ਕੇਂਦਰ ਬਣਿਆਂ ਹੋਇਆ ਹੈ।

ਪਾਕਿਸਤਾਨ ਦੀ ਧਰਤੀ ਅੰਦਰ ਨਾ ਕੇਵਲ ਅਫਗਾਨਿਸਤਾਨ ਵਿਰੁੱਧ ਹੀ ਅਨ-ਐਲਾਨੀ ਜੰਗ ਹੀ ਨਹੀਂ ਲੜੀ ਜਾ ਰਹੀ ਸਗੋਂ ਭਾਰਤ ਵਿਰੁੱਧ ਵੀ ਇਸ ਦੇਸ ਅੰਦਰੋਂ ਕਈ ਤਰਾਂ ਦੀਆਂ ਸਾਜ਼ਿਸ਼ਾਂ ਚਲ ਰਹੀਆਂ ਹਨ।

ਇਹ ਗੱਲ ਇਕ ਨੰਗੀ ਚਿੱਟੀ ਹਕੀਕਤ ਹੈ ਕਿ ਪਾਕਿਸਤਾਨ ਨਾ ਕੇਵਲ ਖਾਲਿਸਤਾਨੀ ਦਹਿਸ਼ਤ ਪਸੰਦਾਂ ਨੂੰ ਟਰੇਨਿੰਗ ਹੀ ਦਿੰਦਾ ਚਲਾ ਆ ਰਿਹਾ ਹੈ ਸਗੋਂ ਹਰ ਤਰਾਂ ਦੇ ਹਥਿਆਰ ਵੀ ਦੇ ਰਿਹਾ ਹੈ। ਇਹ ਮਾਮਲਾ ਭਾਰਤ ਸਰਕਾਰ ਵਲੋਂ ਕਈ ਵਾਰ ਪਾਕਿਸਤਾਨ ਦੇ ਅਧਿਕਾਰੀਆਂ ਕੋਲ ਉਠਾਇਆ ਜਾ ਚੁਕਾ ਹੈ। ਪਰ ਪਾਕਿਸਤਾਨ ਹਰ ਸਮੇਂ ਸੱਚਾ ਬਣਨ ਦੀ ਹੀ ਕੋਸ਼ਿਸ਼ ਕਰਦਾ ਰਿਹਾ ਹੈ।

ਪੰਜਾਬ ਦੀ ਧਰਤੀ ਅੰਦਰ ਹੀ ਜਿਹੜੀ ਅੱਤਵਾਦੀ-ਵੱਖਵਾਦੀ ਲਹਿਰ ਚਲ ਰਹੀ ਹੈ ਇਸ ਨੂੰ ਜਿੱਥੇ ਸਾਮਰਾਜ ਦੀ ਸ਼ਹਿ ਅਤੇ ਮਦਦ ਪ੍ਰਾਪਤ ਹੈ ਓਥੇ ਪਾਕਿਸਤਾਨ ਦੀ ਫੌਜੀ ਜੁੰਡੀ ਵੀ ਇਸ ਸਾਰੀ ਸਾਜ਼ਿਸ਼ ਵਿਚ ਪੂਰੀ ਤਰਾਂ ਭਾਈਵਾਲ ਹੈ।

ਜਿਵੇਂ ਪਾਕਿਸਤਾਨ ਖਾਲਿਸਤਾਨੀ ਦਹਿਸ਼ਤਗਰਦਾਂ ਨੂੰ ਟਰੇਨਿੰਗ ਅਤੇ ਹਥਿਆਰ ਦੇ ਰਿਹਾ ਹੈ ਇਵੇਂ ਹੀ ਬੰਗਲਾ ਦੇਸ ਤਰੀਪੁਰਾ ਦੇ ਅੱਤਵਾਦੀਆਂ ਨੂੰ ਟਰੇਨਿੰਗ ਅਤੇ ਪਨਾਂਹ ਦੇ ਰਿਹਾ ਹੈ। ਤਰੀਪੁਰਾ ਅੰਦਰ ਐਕਸ਼ਨ ਕਰਕੇ ਟੀ. ਐਨ. ਵੀ ਅੱਤਵਾਦੀ-ਵੱਖਵਾਦੀ ਤੱਤ ਬੰਗਲਾ ਦੇਸ ਅੰਦਰ ਹੀ ਪਨਾਂਹ ਲੈਂਦੇ ਹਨ।

ਬੰਗਲਾ ਦੇਸ ਵਾਂਗ ਨੀਪਾਲ ਵੀ ਭਾਰਤ ਦਾ ਗੁਆਂਢੀ ਦੇਸ ਹੈ। ਇਹ ਗੱਲ ਇਕ ਹਕੀਕਤ ਹੈ ਕਿ ਉਸ ਦੇਸ ਅੰਦਰ ਅਮਰੀਕਾ ਦਾ ਕਈ ਤਰਾਂ ਨਾਲ ਦਖਲ ਚਲਿਆ ਆ ਰਿਹਾ ਹੈ।

ਇਸ ਗੱਲ ਦੇ ਬਹੁਤ ਸਾਰੇ ਸਬੂਤ ਮਿਲੇ ਹਨ ਕਿ ਦਾਰਜੀਲਿੰਗ ਅੰਦਰ ਜਿਹੜੀ ਵੱਖਵਾਦੀ ਗੋਰਖਾਲੈਂਡ ਐਜੀਟੇਸ਼ਨ ਦੋ ਸਾਲ ਪਹਿਲਾਂ ਆਰੰਭ ਹੋਈ ਸੀ ਉਸ ਨਾਲ ਅਮਰੀਕੀ ਖੁਫੀਆ ਏਜੰਸੀਆਂ ਨੇ ਨਿਪਾਲ ਰਾਹੀਂ ਸੰਪਰਕ ਪੈਦਾ ਕੀਤਾ ਅਤੇ ਹਥਿਆਰ ਅਤੇ ਹੋਰ ਮਦਦ ਵੀ ਮੁਹੱਈਆ ਕੀਤੀ। ਵੱਖਵਾਦੀ ਗੋਰਖਾਲੈਂਡ ਤਹਿਰੀਕ ਦੇ ਬਹੁਤ ਸਾਰੇ ਆਗੂ ਨੀਪਾਲ ਆਕੇ ਅਮਰੀਕੀ ਸਿਫਾਰਤਖਾਨੇ ਦੇ ਅਧਿਕਾਰੀਆਂ ਨੂੰ ਮਿਲਦੇ ਰਹੇ ਅਤੇ ਉਹਨਾਂ ਤੋਂ ਸੇਧਾਂ ਲੈਂਦੇ ਰਹੇ। ਘੀਸ਼ਿੰਗ ਦੇ ਕਠਮੰਡੂ ਆਕੇ ਪੜਾਅ ਕਰਨ ਬਾਰੇ ਵੀ ਖਬਰਾਂ ਛਪਦੀਆਂ ਰਹੀਆਂ।

ਨੀਪਾਲ ਵਾਂਗ ਸ੍ਰੀ ਲੰਕਾ ਵੀ ਭਾਰਤ ਦਾ ਨੇੜਲਾ ਗੁਆਂਢੀ ਹੈ। ਉਸ ਦੇਸ ਅੰਦਰ ਜਿਹੜੀ ਹਥਿਆਰਬੰਦ ਲੜਾਈ ਤਾਮਲ ਗੁਰੀਲਿਆਂ ਵਲੋਂ ਸਰਕਾਰ ਵਿਰੁੱਧ ਲੜੀ ਜਾ ਰਹੀ ਸੀ ਉਸ ਦਾ ਭਾਰਤ ਉੱਤੇ ਬੜਾ ਪ੍ਰਭਾਵ ਪੈ ਰਿਹਾ ਸੀ। ਇਸ ਹਥਿਆਰਬੰਦ ਲੜਾਈ ਵਿਚ ਜਿਥੇ ਅਮਰੀਕੀ ਖੁਫੀਆਂ ਏਜੰਸੀਆਂ ਆਪਣੀ ਸੇਧ ਅਨੁਸਾਰ ਦਖਲ-ਅੰਦਾਜ਼ੀ ਕਰ ਰਹੀਆਂ ਸਨ ਓਥੇ ਇਸ ਲੜਾਈ ਦੇ ਜਾਰੀ ਰਹਿਣ ਕਾਰਨ ਦੋਹਾਂ ਹੀ ਦੇਸਾਂ ਦੇ ਸਬੰਧ ਵੀ ਖਰਾਬ ਹੋ ਰਹੇ ਸਨ। ਪਰ ਸ੍ਰੀਲੰਕਾ ਦੇ ਰਾਸ਼ਟਰਪਤੀ ਜੇਵਰਧਨੇ ਅਤੇ ਭਾਰਤ ਦੇ ਪਰਧਾਨ ਮੰਤਰੀ ਰਾਜੀਵ ਗਾਂਧੀ ਵਿਚਕਾਰ ਜਿਹੜਾ ਸਮਝੌਤਾ ਕੁਝ ਦਿਨ ਪਹਿਲਾਂ ਹੋਇਆ ਤੇ ਜਿਸ ਤਹਿਤ ਐਲ. ਟੀ. ਟੀ. ਈ. ਗੁਰੀਲਿਆਂ ਵਲੋਂ ਹਥਿਆਰ ਸੁਟਣੇ ਸ਼ੁਰੂ ਕਰ ਦਿੱਤੇ ਗਏ ਹਨ ਉਸ ਨਾਲ ਨਾ ਕੇਵਲ ਸ੍ਰੀ ਲੰਕਾ ਹੀ ਡੂੰਘੇ ਸੰਕਟ ਵਿਚੋਂ ਬਾਹਰ ਆ ਗਿਆ ਹੈ ਸਗੋਂ ਇਸ ਨਾਲ ਇਸ ਖੇਤਰ ਵਿਚ ਛੇਤੀ ਹੀ ਹਾਲਾਤ ਆਮ ਵਰਗੇ ਹੋ ਜਾਣਗੇ।

ਇਹ ਗੱਲ ਸਾਰੇ ਹੀ ਜਾਣਦੇ ਹਨ ਕਿ ਤਾਮਲ ਮਸਲੇ ਨੂੰ ਲੈਕੇ ਬਦੇਸੀ ਤਾਕਤਾਂ (ਅਮਰੀਕਾ, ਪਾਕਿਸਤਾਨ ਅਤੇ ਇਸਰਾਈਲ) ਸ੍ਰੀ ਲੰਕਾ ਨੂੰ ਖਾਨਾ ਜੰਗੀ ਅਤੇ ਭਾਰਤ ਨਾਲ ਦੁਸ਼ਮਣੀ ਦੇ ਰਾਹ ਪਾਉਣ ਲਈ ਸਿਰ-ਤੋੜ ਯਤਨ ਕਰ ਰਹੀਆਂ ਸਨ ਅਤੇ ਸ੍ਰੀ ਲੰਕਾ ਦੇ ਕਈ ਸਿਆਸੀ ਆਗੂ ਇਹਨਾਂ ਬਦੇਸੀ ਤਾਕਤਾਂ ਦਾ ਹੱਥ-ਠੋਕਾ ਬਣ ਚੁਕੇ ਸਨ।

ਸ੍ਰੀ ਲੰਕਾ ਦੇ ਅੰਦਰੂਨੀ ਮਸਲੇ ਬਾਰੇ ਭਾਰਤ ਸਰਕਾਰ ਦਾ ਸਟੈਂਡ ਸ਼ੁਰੂ ਤੋਂ ਹੀ ਇਹ ਰਿਹਾ ਸੀ ਕਿ ਸ੍ਰੀ ਲੰਕਾ ਦੀ ਏਕਤਾ ਅਖੰਡਤਾ ਵੀ ਕਾਇਮ ਰਹੇ ਅਤੇ ਤਾਮਿਲ ਬਹੁ-ਗਿਣਤੀ ਇਲਾਕਿਆਂ ਨੂੰ ਅੰਦਰੂਨੀ ਖੁਦਮੁਖਤਾਰੀ ਵੀ ਮਿਲ ਜਾਵੇ। ਭਾਰਤ ਨੇ ਉਹਨਾਂ ਤਾਮਲ ਜਥੇਬੰਦੀਆਂ ਦਾ ਵਿਰੋਧ ਕੀਤਾ ਜੋ ਵਖਰਾ ਤਾਮਲ ਦੇਸ ਬਨਾਉਣਾ ਚਾਹੁੰਦੀਆਂ ਸਨ। ਇਸ ਤੋਂ ਬਿਨਾਂ ਭਾਰਤ ਵਲੋਂ ਸ੍ਰੀ ਲੰਕਾ ਦੇ ਜ਼ਿੱਦੀ ਵਤੀਰੇ ਦਾ ਵੀ ਵਿਰੋਧ ਕੀਤਾ ਗਿਆ। ਪਰ ਕਈ ਇਕ ਕਾਰਨਾ ਕਰਕੇ ਸ੍ਰੀ ਲੰਕਾ ਦੀ ਸਰਕਾਰ ਆਪਣੀ ਜ਼ਿੱਦ ਤੇ ਅੜੀ ਰਹੀ। ਹੁਣ ਇਸ ਨੇ ਜ਼ਿੱਦ ਛੱਡਕੇ ਜਿਹੜਾ ਸਮਝੌਤਾ ਕੀਤਾ ਹੈ ਉਹ ਸ੍ਰੀ ਲੰਕਾ ਦੇ ਵੱਡੇ ਹਿੱਤ ਵਿਚ ਤਾਂ ਹੈ ਹੀ ਇਸ ਨਾਲ ਭਾਰਤ ਨੇ ਵੀ ਕਾਫੀ ਸੁਖ ਦਾ ਸਾਹ ਲਿਆ ਹੈ।

ਭਾਰਤ ਅਤੇ ਸ੍ਰੀ ਲੰਕਾ ਵਿਚਕਾਰ ਹੋਏ ਇਸ ਸਮਝੌਤੇ ਨਾਲ ਦੋਹਾਂ ਦੇਸਾਂ ਨੇ ਹੀ ਸੁਖ ਦਾ ਸਾਹ ਨਹੀਂ ਲਿਆ ਸਗੋਂ ਦੋਹਾਂ ਦੇ ਆਪਸੀ ਸਬੰਧਾਂ ਵਿਚ ਖੁਸ਼ਗਵਾਰ ਮੋੜ ਆਇਆ ਹੈ। ਇਸ ਸਮਝੌਤੇ ਤੋਂ ਪਿਛੋਂ ਨਿਸਚੇ ਹੀ ਦੋਹਾਂ ਦੇਸਾਂ ਦੇ ਸਬੰਧ ਹੋਰ ਚੰਗੇ ਹੋਣਗੇ। ਪਰ ਜਿਹੜੀਆਂ ਸ਼ਕਤੀਆਂ ਭਾਰਤ ਨੂੰ ਢਹਿ-ਢੇਰੀ ਕਰਨ ਲਈ ਕੋਸ਼ਿਸ਼ਾਂ ਕਰ ਰਹੀਆਂ ਹਨ ਉਹਨਾਂ ਵਲੋਂ ਆਪਣੇ ਯਤਨ ਹੋਰ ਤ੍ਰਿੱਖੇ ਕੀਤੇ ਗਏ ਹਨ।

ਸਾਮਰਾਜੀ ਸ਼ਕਤੀਆਂ ਵਲੋਂ ਭਾਰਤ ਨੂੰ ਬਾਹਰ ਤੋਂ ਘੇਰਨ ਅਤੇ ਇਸ ਅੰਦਰ ਅੰਦਰੂਨੀ ਤੋੜ-ਫੋੜ ਕਰਨ ਦੀ ਜਿਹੜੀ ਸਾਜ਼ਿਸ਼ ਚਲ ਰਹੀ ਉਹ ਜਿਉਂ ਦੀ ਤਿਉਂ ਕਾਇਮ ਹੈ। ਇਸ ਸਾਜ਼ਿਸ਼ ਨੂੰ ਪਿਛਾੜਨ ਲਈ ਜਿੱਥੇ ਉਹਨਾਂ ਸਭਨਾਂ ਨੂੰ ਹੀ ਮੈਦਾਨ ਵਿਚ ਆਉਣਾ ਚਾਹੀਦਾ ਹੈ ਜਿਹੜੇ ਦੇਸ ਦੀ ਏਕਤਾ ਅਤੇ ਅਖੰਡਤਾ ਲਈ ਖਲੋਂਦੇ ਹਨ ਓਥੇ ਭਾਰਤ ਸਰਕਾਰ ਨੂੰ ਵੀ ਉਹ ਸਾਰੇ ਲੋੜੀਂਦੇ ਕਦਮ ਚੁਕਣੇ ਚਾਹੀਦੇ ਹਨ ਜਿੰਨਾਂ ਨਾਲ ਕਿ ਸਾਮਰਾਜੀ ਸ਼ਕਤੀਆਂ ਵਲੋਂ ਦਖਲ-ਅੰਦਾਜ਼ੀ ਦੇ ਮੌਕੇ ਘਟਣ। ਅਥਵਾ ਜਿਹੜੀਆਂ ਸਮਸਿਆਵਾਂ ਗੱਲਾਂਬਾਤਾਂ ਰਾਹੀਂ ਨਜਿਠੀਆਂ ਜਾ ਸਕਦੀਆਂ ਹਨ ਉਹ ਛੇਤੀ ਨਜਿਠ ਲਈਆਂ ਜਾਣੀਆਂ ਚਾਹੀਦੀਆਂ ਹਨ। x x x

ਸਫ਼ਾ 5 ਦੀ ਬਾਕੀ

ਬਿਲੀ ਦੇ ਭਾਣੇ ਛਿੱਕੂ ਟੁੱਟਾ ਹੋਵੇ।

ਰਫੀਊਜੀਆਂ ਸੰਬੰਧੀ ਪ੍ਰਬੰਧਕਾਂ ਦਾ ਇਸ ਤਰ੍ਹਾਂ ਦਾ ਵਤੀਰਾ ਨਿਸਚੇ ਹੀ ਤੰਗ ਰਾਜਸੀ ਲਾਭਾਂ ਨੂੰ ਪ੍ਰਾਪਤ ਕਰਨ ਦਾ ਨਖਿਧ ਯਤਨ ਹੀ ਕਿਹਾ ਜਾ ਸਕਦਾ ਹੈ।

●

# ਕਿਊਬਾ ਵਿਰੁੱਧ ਸੀ. ਆਈ. ਏ ਦੀਆਂ ਸਰਗਰਮੀਆਂ

ਅਮਰੀਕਾ ਦੀ ਖੁਫੀਆ ਏਜੰਸੀ ਸੀ. ਆਈ. ਏ ਸਮਾਜਵਾਦੀ ਦੇਸ਼ਾਂ ਵਿਚ ਆਪਣੀਆਂ ਜਸੂਸੀ ਸਰਗਰਮੀਆਂ ਕਰਨ ਲਈ ਆਪਣੇ ਏਜੰਟ ਕਿਵੇਂ ਲਭਦੀ ਹੈ, ਇਸ ਦੀ ਇਕ ਤਾਜ਼ਾ ਉਦਾਹਰਣ ਕਿਊਬਾ ਵਿਚ ਇਕ ਭੈਣ ਭਰਾ ਨੂੰ ਆਪਣੇ ਜਾਸੂਸੀ ਫੰਦੇ ਵਿਚ ਫਸਾ ਕੇ ਉਹਨਾਂ ਕੋਲੋਂ ਦੇਸ਼ ਵਿਰੋਧੀ ਸਰਗਰਮੀਆਂ ਕਰਵਾਉਣ ਤੋਂ ਮਿਲਦੀ ਹੈ। ਅਖੀਰ ਕਿਊਬਾ ਦੀਆਂ ਸੁਰਖਿਆ ਫੌਜਾਂ ਨੇ ਇਹਨਾਂ ਜਸੂਸ ਭੈਣ-ਭਰਾ ਨੂੰ ਫੜ ਲਿਆ। ਉਹਨਾਂ ਨੂੰ ਕਿਊਬਾ ਟੀ. ਵੀ. ਤੇ ਪੇਸ਼ ਕੀਤਾ ਗਿਆ ਜਿਥੇ ਉਹਨਾਂ ਵਿਸਥਾਰ ਨਾਲ ਦਸਿਆ ਕਿਕਿਵੇਂ ਸੀ. ਆਈ. ਏ. ਉਹਨਾਂ ਕੋਲੋਂ ਆਪਣੇ ਹੀ ਦੇਸ਼-ਵਿਰੋਧੀ ਕਾਰਵਾਈਆਂ ਕਰ-ਵਾਉਂਦੀ ਸੀ।

ਅਮਰੀਕਾ ਦੀ ਕੇਂਦਰੀ ਖੁਫੀਆ ਏਜੰਸੀ ਦਾ ਵਿਚਾਰ ਹੈ ਕਿ ਜਿਸ ਵੀ ਵਿਅਕਤੀ ਵਿਚ ਉਪਭੋਗੀ ਵਸਤਾ ਭੋਗਣ ਦੀ ਲਾਲਸਾ ਵਿਤੋਂ ਬਾਹਰੀ ਹੈ, ਉਸ ਦੀ ਹੀ ਕੋਈ ਨਾ ਕੋਈ ਕੀਮਤ ਹੈ। ਕਿਊਬਾ ਵਾਸੀ ਨੈਸਟਰ ਨੋਰਬਰਟੋ ਗਾਰਸੀਆ ਹੇਰ-ਨਾਨਡੇਜ਼ ਦੇ ਕੇਸ ਵਿਚ ਇਹ ਕੀਮਤ 1500 ਡਾਲਰ ਪ੍ਰਤੀ ਮਹੀਨਾ ਸਿਧ ਹੋਈ। ਪਰ ਉਸ ਦੀ ਭੈਣ ਗਲੇਡੀਸ ਜੁਆਨਾ ਓਲੀਵਾ ਗਾਰਸੀਆ ਹੇਰਨਾਨਡੇਜ਼, ਜਿਸ ਦੇ ਕਿ ਪਹਿਲਾਂ ਹੀ ਸੀ. ਆਈ. ਏ. ਨਾਲ ਸਬੰਧ ਸਨ, ਨੇ ਗਲਾਂਬਾਤਾਂ ਇਸ ਢੰਗ ਨਾਲ ਤਰਤੀਬ ਕੀਤੀਆਂ ਕਿ ਇਹਨਾਂ 1500 ਡਾਲਰ ਵਿਚੋਂ 1000 ਆਪਣੇ ਲਈ ਲੈਣ ਤੇ ਬਾਕੀ ਦੇ 500 ਡਾਲਰ ਆਪਣੇ ਭਰਾ ਨੂੰ ਦੇਣ ਦਾ ਉਸਨੇ ਪ੍ਰਬੰਧ ਕਰ ਲਿਆ।

ਨੇਸਟਰ ਨੌਰਬਰਟੋ ਗਾਰਸੀਆ ਨੂੰ ਸੀ. ਆਈ. ਏ. ਵਿਚ ਕਿਵੇਂ ਭਰਤੀ ਕੀਤਾ ਗਿਆ, ਕਿਵੇਂ ਉਸ ਨੂੰ ਟਰੇਨਿੰਗ ਦਿਤੀ ਗਈ ਅਤੇ ਕਿਵੇਂ ਉਸ ਨੇ ਕੰਮ ਕੀਤਾ, ਇਸ ਬਾਰੇ ਇਕ ਪ੍ਰੋਗਰਾਮ ਟੀ.ਵੀ. ਤੇ ਪੇਸ਼ ਕੀਤਾ ਗਿਆ।

## ਸੀ. ਆਈ. ਏ. ਏਜੰਟ ਬੇਨਕਾਬ

ਸੀ. ਆਈ. ਏ. ਨੇ ਉਸ ਵਿਚ ਤਿੰਨ ਕਮਜ਼ੋਰੀਆਂ ਦੇਖੀਆਂ ਜਿਹਨਾਂ ਨੂੰ ਵਰਤਕੇ ਉਸ ਨੂੰ ਆਪਣਾ ਏਜੰਟ ਬਣਾ ਲਿਆ ਗਿਆ। (1) ਉਸ ਦੀਆਂ ਨੀਵੇਂ ਪੱਧਰ ਦੀਆਂ ਜੀਵਨ ਕਦਰਾਂ-ਕੀਮਤਾਂ (2) ਖਪਤਕਾਰੀ ਸਮਾਜ ਵਿਚ ਪੈਦਾ ਕੀਤੀਆਂ ਜਾਂਦੀਆਂ ਉਪਭੋਗੀ ਵਸਤਾਂ ਲਈ ਉਸਦਾ ਭਾਰੀ ਲਾਲਚ ਅਤੇ (3) ਪੈਸੇ ਲਈ ਉਸ ਦਾ ਹਦੋਂ ਵਧ ਲੋਭ। ਉਸ ਦੀਆਂ ਇਨ੍ਹਾਂ ਕਮਜ਼ੋਰੀਆਂ ਉਸ ਨੂੰ ਆਪਣੇ ਦੇਸ਼ ਤੇ ਲੋਕਾਂ ਦਾ ਦੁਸ਼ਮਣ ਅਤੇ ਸਾਮਰਾਜੀਆਂ ਦਾ ਏਜੰਟ ਬਣਾ ਦਿਤਾ।

ਉਸ ਦੀ ਭੈਣ ਪਹਿਲਾਂ ਹੀ ਸਾਮ-ਰਾਜੀਆਂ ਦੀ ਏਜੰਟ ਤੇ ਦੇਸ਼ ਦੀ ਗਦਾਰ ਸੀ। ਉਹ ਉਸ ਸਮੇਂ ਹੀ ਸੀ. ਆਈ. ਏ ਦੀ ਏਜੰਟ ਬਣ ਗਈ ਸੀ ਜਦੋਂ ਉਹ ਅਮਰੀਕਾ ਗਈ ਸੀ ਤੇ ਉਸ ਨੇ ਮਿਆਮੀ ਵਿਚ ਸੀ. ਆਈ. ਏ. ਨਾਲ ਸੰਪਰਕ ਕਾਇਮ ਕਰ ਲਿਆ ਸੀ। ਉਸ ਦੇ ਭਰਾ ਨੇ ਸੋਚਿਆ ਕਿ ਉਸ ਦੀ ਭੈਣ, ਜਿਹੜੀ ਅਮਰੀਕਾ ਦੇ ਸ਼ਹਿਰ ਮਿਆਮੀ ਰਹਿੰਦੀ ਸੀ ਉਸ ਦੀ ਉਪਭੋਗੀ ਵਸਤਾਂ ਲਈ ਭੁੱਖ ਪੂਰੀ ਕਰੇਗੀ ਜਦੋਂ ਉਹ ਬਾਰ ਬਾਰ ਕਿਊਬਾ ਆਇਆ ਕਰੇਗੀ।

ਪਰ ਇਸ ਬਾਰੇ ਉਹ ਬਿਲਕੁਲ ਸਪਸ਼ਟ ਸੀ। ਉਸ ਨੇ ਆਪਣੇ ਭਰਾ ਨੂੰ ਦਸ ਦਿਤਾ, "ਜੇ ਤੂੰ ਪੈਸੇ ਚਾਹੁੰਦਾ ਏਂ। ਤੇਨੂੰ ਇਹ ਕਿਸੇ ਨਾ ਕਿਸੇ ਢੰਗ ਨਾਲ ਕਮਾਉਣਾ ਪਵੇਗਾ।" ਫਿਰ ਉਸ ਨੇ ਆਪਣੀ ਆਵਾਜ਼ ਬਦਲ ਕੇ ਕਿਹਾ ਕਿ ਇਸ ਲਈ ਉਸ ਕੋਲ ਇਕ ਰਾਹ ਹੈ। ਤੇ ਉਸ ਨੂੰ ਇਸ ਲਈ ਕੰਮ ਕਰਨਾਪਵੇਗਾ ਇਸ ਤੇ ਉਸ ਨੇ ਆਪਣੀ ਭੈਣ ਨੂੰ ਪੁਛਿਆ ਕਿ ਉਸਨੂੰ ਕੀ ਕੰਮ ਕਰਨਾ ਪਵੇਗਾ।

ਗਲੇਡੀਜ ਜੁਆਨਾ ਓਲੀਵਾ ਗਾਰ-ਸੀਆ ਨੇ ਦਸਿਆ ਕਿ ਉਸ ਦੀ ਯੋਜਨਾ ਆਪਣੇ ਭਰਾ ਨੂੰ ਦੇਸ਼ ਵਿਚੋਂ ਬਾਹਰ ਲੈ


## ਹੁਣ ਤੁਸੀਂ ਵੈਨਕੂਵਰ-ਹਾਂਗਕਾਂਗ ਨਾਨ - ਸਟਾਪ ਜਾ ਸਕਦੇ ਹੋ

ਭਾਰਤ, ਪਾਕਿਸਤਾਨ, ਫੀਜੀ ਲੰਡਨ, ਸ੍ਰੀ ਲੰਕਾ, ਫਿਜ਼ਨੀਲੈਂਡ, ਹਵਾਈ ਜਾਂ ਦੁਨੀਆਂ ਦੇ ਹੋਰ ਕਿਸੇ ਵੀ ਹਿੱਸੇ ਵਿਚ ਜਾਣ ਲਈ

ਘੱਟ ਤੋਂ ਘੱਟ ਕਿਰਾਏ

ਜੇਕਰ ਤੁਸੀਂ ਲੰਡਨ ਰਾਹੀਂ ਜਾ ਰਹੇ ਹੋ ਤਾਂ ਤੁਸੀਂ 2 ਸੂਟਕੇਸ ਆਪਣੇ ਨਾਲ ਲਿਜਾ ਸਕਦੇ ਹੋ। ਜੇਕਰ ਤੁਸੀਂ ਲੰਡਨ ਠਹਿਰ ਕੇ ਵੀ ਜਾਣਾ ਹੈ ਤਾਂ ਵੀ ਭਾਰ ਪੂਰਾ ਲਿਜਾ ਸਕਦੇ ਹੋ।



AUTHORIZED AGENTS FOR: • AIR CANADA • BRITISH AIRWAYS • CANADIAN PACIFIC AIRLINES • CATHAY PACIFIC AIRWAYS • THAI INTERNATIONAL AIRWAYS & OTHER MAJOR AIRLINES.

**BAINS TRAVEL SERVICE**

6364 Fraser Street, Vancouver, B.C. Ph. 324-2277

935 Marine Drive Capilano Mall, N. Vancouver

1710 Douglas St. Victoria, B.C. Ph. 386-6363

CALL TOLL FREE **1-800-663-6699** (B.C. & ALBERTA)

ਜਾਣ ਦੀ ਸੀ। ਉਹ ਉਸ ਨੂੰ ਅਮਰੀਕਾ ਲੈ ਜਾਣਾ ਚਾਹੁੰਦੀ ਸੀ। ਉਹਨਾਂ ਨੇਯੋਜਨਾ ਬਣਾਈ ਕਿ ਨੇਸਟਰ ਨੋਰਬਰਟੋ ਗਾਰਸੀਆ ਨੂੰ ਨਿਕਾਰਾਗੂਆ ਤੋਂ ਕਿਸੇ ਜਾਅਲੀ ਪਾਸਪੋਰਟ ਰਾਹੀਂ ਜਾਂ ਕਿਸੇ ਹੋਰ ਢੰਗ ਨਾਲ ਅਮਰੀਕਾ ਲੈਜਾਇਆ ਜਾਵੇ। ਨਿਕਾਰਾਗੂਆ ਉਸ ਨੇ ਕਿਸੇ ਕੰਮ ਦੇ ਅਧਾਰ ਤੇ ਜਾਣਾ ਸੀ। ਪਰ ਉਹਨਾਂ ਦੀ ਇਹ ਯੋਜਨਾ ਸਿਰੇ ਨਾ ਚੜੀ। ਫਿਰ ਉਸ ਨੇ ਫੈਸਲਾ ਕੀਤਾ ਕਿ ਉਹ ਆਪਣੇ ਭਰਾ ਨੂੰ ਦੇਸ਼ ਅੰਦਰ ਹੀ ਸੀ. ਆਈ. ਏ ਲਈ ਕੰਮ ਕਰਨ ਵਾਸਤੇ ਇਸ ਵਿਚ ਭਰਤੀ ਕਰਵਾ ਦੇਵੇਗੀ। ਇਹ ਮਾਰਚ 1985 ਵਿਚ ਸੀ ਜਦੋਂ ਉਹ ਕਿਊਬਾ ਗਈ ਅਤੇ ਉਸਨੇ ਆਪਣੇ ਭਰਾ ਨੂੰ ਇਸ ਵਿਚ ਭਰਤੀ ਕਰਵਾ ਦਿਤਾ।

ਅਮਰੀਕਾ ਵਾਪਿਸ ਆਣ ਕੇ ਗਲੇਡੀਜ਼ ਜੁਆਨਾ ਉਲੀਵਾ ਨੇ ਸੀ.ਆਈ ਏ ਅਧਿਕਾਰੀ ਰੋਬਰਟੋ ਮਾਰਟੀਨ ਨੂੰ ਦਸਿਆ ਕਿ ਉਸ ਦਾ ਭਰਾ ਅਮਰੀਕਾ ਦੀ ਸੇਵਾਂ ਕਰਨਾ ਚਾਹੁੰਦਾ ਹੈ। ਉਸ ਨੂੰ ਚੰਗੀ ਤਰਾਂ ਪਰਖਿਆ ਗਿਆ ਅਤੇ ਫਿਰ ਭਰਤੀ ਕੀਤਾ ਗਿਆ। ਇਸ ਤੋਂ ਬਾਅਦ ਉਸਦੀ ਟਰੇਨਿੰਗ ਸ਼ੁਰੂ ਹੋ ਗਈ।

ਟੈਲੀਵੀਯਨ ਉਤੇ ਉਹ ਸਮਾਨ ਵੀ ਦਿਖਾਇਆ ਗਿਆ ਜਿਹੜਾ ਕਿ ਗੁਪਤ ਲਿਖਤਾਂ ਲਈ ਵਰਤਿਆ ਜਾਂਦਾ ਸੀ।

ਇਹ ਸੀ ਕਾਰਬਨ ਪੇਪਰ, ਖੋਖਲੀਆਂ ਚੀਜਾਂ ਜਿਹਨਾਂ ਵਿਚ ਕਾਗਜਾਂ ਦੇ ਟੁਕੜੇ ਛੁਪਾਏ ਜਾਂਦੇ ਸਨ ਅਤੇ ਜਿਹਨਾਂ ਉਤੇ ਕੋਡ ਨੰਬਰ ਲਿਖੇ ਹੋਏ ਸਨ ਅਤੇ ਇਕ ਰੇਡੀਓ।ਉਸ ਨੇ ਉਹ ਫਰੀਕੁਐਂਸੀ ਦਸੀ ਜਿਸ ਤੇ ਉਸ ਦਾ ਭਰਾ ਸੁਨੇਹੇ ਭੇਜਦਾ ਸੀ ਅਤੇ ਕੋਸਟਾ ਰੀਕਾ ਵਿਚ ਨਾਂ ਅਤੇ ਸਰਨਾਮੇ ਦਸੇ ਜਿਹਨਾਂ ਉਤੇ ਉਹ ਸੁਨੇਹੇ ਤੇ ਦੂਸਰੀਆਂ ਗਲਾਂ ਦਸਿਆ ਕਰਦਾ ਸੀ।

ਸੀ. ਆਈ. ਏ. ਗਾਰਸੀਆਂ ਨੂੰ ਭੇਦ ਦਸਣ ਲਈ ਦੋ ਟੈਲੀਫੋਨ ਨੰਬਰ ਵੀ ਦਿਤੇ ਹੋਏ ਸਨ। ਪਹਿਲਾ ਫੋਨ ਨੰਬਰ 447-7649 ਮਿਆਮੀ ਵਿਚ ਸੀ ਤੇ ਦੂਸਰਾ 688-2941 ਵਾਸ਼ਿੰਗਟਨ ਵਿਚ ਸੀ।

ਉਸ ਦੇ ਘਰ ਉਸ ਦੀ ਭੈਣ ਨੇ ਦਸਿਆ ਕਿ ਉਸ ਨੂੰ ਸੀ. ਆਈ. ਏ. ਏਜੰਟ ਵਲੋਂ ਸਵੀਕਾਰ ਕਰ ਲਿਆ ਗਿਆ ਹੈ ਅਤੇ ਮਿਆਮੀ ਵਿਚ ਉਸ ਦੇ ਨਾਂ ਬੈਂਕ ਖਾਤਾ ਖੋਹਲ ਦਿਤਾ ਗਿਆ ਹੈ।

ਉਸ ਦੀ ਭੈਣ ਨੇ ਉਸ ਨੂੰ ਸੀ. ਆਈ. ਏ ਏਜੰਟ ਵਲੋਂ ਟਰੇਨਿੰਗ ਦੇਣ ਪਿਛੋਂ ਉਸ ਨੂੰ ਤਾੜਨਾ ਕੀਤੀ ਕਿ ਉਹ ਕਿਸੇ ਵੀ ਹਾਲਤ ਵਿਚ ਅਜਿਹੀ ਟਰੇਨਿੰਗ ਕਿਸੇ ਹੋਰ ਨੂੰ ਨਾ ਦੇਵੇ।

ਇਸ ਤੋਂ ਬਾਅਦ ਨਵੇਂ ਨਕੋਰ ਏਜੰਟ ਨੇ ਕੁਝ ਕੁ ਡਾਲਰਾਂ ਦੇ ਬਦਲੇ ਆਪਣੇ ਦੇਸ਼ ਦੇ ਲੋਕਾਂ ਨਾਲ ਗਦਾਰੀ ਕਰਕੇ ਸੀ. ਆਈ. ਏ ਲਈ ਕੰਮਕਰਨਾ ਸ਼ੁਰੂ ਕਰ ਦਿਤਾ। ਉਸ ਨੂੰ ਹਰੇਕ ਦੋ ਹਫਤਿਆਂ ਬਾਅਦ ਹਿਦਾਇਤਾਂ ਮਿਲਦੀਆਂ ਉਸ ਨੂੰ ਇਹ ਵੀ ਹਿਦਾਇਤਾਂ ਕੀਤੀਆਂ ਜਾਂਦੀਆਂ ਕਿ ਉਹ ਕਦੇ ਕੋਈ ਗੱਲ ਲਿਖਕੇ ਆਪਣੇ ਕੋਲ ਨਾ ਰਖੇ।

ਸੀ. ਆਈ. ਏ ਨੇਸਟਰ ਨੋਰਬਰੋ ਗਾਰਸੀਆ ਰਾਹੀਂ ਇਹਨਾਂ ਖੂਫੀਆਂ ਗੱਲਾਂ ਦਾ ਪਤਾ ਲਗਾਉਣਾ ਚਾਹੁੰਦਾ ਸੀ— ਰਾਸ਼ਟਰਪਤੀ ਫੀਡਲ ਕਾਸਟਰੋ ਦੀ ਸੇਹਤ ਕਿਸ ਤਰਾਂ ਹੈ, ਨਿਕਾਰਾਗੂਆ ਨੂੰ ਉਸਾਰੀ ਸਹਾਇਤਾ, ਐਸ. ਆਰ. 7, (ਬਲੈਕ ਬਰਡ) ਦੀ ਉੜਾਨ ਬਾਰੇ ਲੋਕ-ਰਾਏ, ਦੇਸ਼ ਵਿਚ ਕੰਪਿਊਟਰ ਵਿਗਿਆਨ ਦਾ ਵਿਕਾਸ, ਇਹਨਾਂ ਤੋਂ ਬਿਨਾਂ ਕੁਝ ਹੋਰ ਗੱਲਾਂ ਬਾਰੇ ਵੀ ਸੀ. ਆਈ. ਏ. ਜਾਣਨਾ ਚਾਹੁੰਦੀ ਸੀ।

ਮਈ 1985 ਤੋਂ ਅਪਰੈਲ1987 ਦਰਮਿਆਨ ਦੇਸ਼ ਦੇ ਇਸ ਗਦਾਰ ਨੇ ਲਾਂਗਲੇ ਅਤੇ ਯੂਰੂਗੁਈ ਵਿਚ ਸਥਿਤ ਸੀ. ਆਈ. ਏ. ਦੇ ਦਫਤਰਾਂ ਨੂੰ 33 ਰੇਡੀਓ ਸੁਨੇਹੇ ਭੇਜੇ। ਪਰੋਗਰਾਮ ਦੌਰਾਨ ਟੀ. ਵੀ. ਉਤੇ ਹੋਰ ਬਹੁਤ ਸਾਰੇ ਸਬੂਤ ਵੀ ਵਿਖਾਏ ਗਏ ਜਿਹਨਾਂ ਵਿਚ ਛੇ ਚਿੱਠੀ ਸੁਨੇਹੇ ਵੀ ਸ਼ਾਮਲ ਹਨ ਜਿਹੜੇ ਕਿ ਮੋਨ- ਟੀਵੀਡੀਓ ਯੂਰੂਗਈ ਨੂੰ ਭੇਜਣ ਲਈ ਹਿਦਾਇਤਾਂ ਦਿਤੀਆਂ ਗਈਆਂ ਸਨ।

ਇਹਨਾਂ ਦੋਹਾਂ ਦੇਸ਼ ਦੇ ਗਦਾਰਾਂ ਦੀਆਂ ਆਪਣੇ ਦੇਸ਼ ਅਤੇ ਲੋਕਾਂ ਵਿਰੋਧੀ ਸਰਗਰਮੀਆਂ ਉਸ ਦਿਨ ਹੀ ਖਤਮ ਹੋ ਗਈਆਂ ਜਿਸ ਦਿਨ ਦੇਸ਼ ਦੀਆਂ ਸੁਰ- ਖਿਆ ਫੌਜਾਂ ਨੇ ਉਹਨਾਂ ਨੂੰ ਗਰਿਫਤਾਰ ਕਰ ਲਿਆ।

ਇਸ ਤਰਾਂ ਇਕ ਵਾਰ ਫਿਰ ਦੇਸ ਦੀਆਂ ਸੁਰਖਿਆ ਫੌਜਾਂ ਨੇ ਇਨਕਲਾਬ ਅਤੇ ਸਮਾਜਵਾਦ ਦੇ ਦੁਸ਼ਮਣਾਂ ਨੂੰ ਫੜਕੇ ਉਹਨਾਂ ਦੀਆਂ ਦੇਸ਼ ਤੇ ਲੋਕਾਂ ਵਿਰੋਧੀ ਸਰਗਰਮੀਆਂ ਨੂੰ ਖਤਮ ਕਰਕੇ ਆਪਣੀ ਨਿਪੁੰਨਤਾ ਅਤੇ ਯੋਗਤਾ ਦਾ ਸਬੂਤ ਦਿਤਾ ਹੈ।

ਇਸ ਪਰੋਗਰਾਮ ਵਿਚ ਕਿਊਬਾ ਦੇ ਇਨਕਲਾਬ ਵਿਰੁੱਧ ਸੀ. ਆਈ. ਏ. ਵਲੋਂ ਕੀਤੀਆਂ ਗਈਆਂ ਸਰਗਰਮੀਆਂ ਦਾ ਵਿਸਥਾਰ ਸਹਿਤ ਰਵੀਊ ਕੀਤਾ ਗਿਆ। ਜਿਹਨਾਂ ਵਿਚ ਇਹ ਸ਼ਾਮਲ ਹੈ—ਕਿਊਬਾ ਸਰਕਾਰ ਅਤੇ ਪਾਰਟੀ ਆਗੂਆਂ ਨੂੰ ਕਤਲ ਕਰਵਾਉਣ ਦੇ ਯਤਨ, ਉੜਾਨਾਂ ਬਾਰੇ ਜਾਸੂਸੀ ਕਰਨਾ, ਧਾੜਵੀ ਹਮਲੇ ਅਤੇ ਦੇਸ਼ ਅੰਦਰ ਤੇ ਬਾਹਰ ਕਿਊਬਾਈ ਅਧਿ- ਕਾਰੀਆਂ ਦੇ ਕਤਲ ਕਰਨੇ। ਇਸ ਤਰਾਂ ਸੀ. ਆਈ. ਏ ਕਿਊਬਾ ਦੇ ਇਨਕਲਾਬ ਅਤੇ ਲੋਕਾਂ ਵਿਰੁੱਧ ਹਰ ਹਥਿਆਰ ਵਰਤ ਰਹੀ ਹੈ ਭਾਵੇਂ ਕਿ ਇਹ ਕਿੰਨਾ ਵੀ ਜ਼ਿਆਦਾ ਅਣ ਮਨੁੱਖੀ ਕਿਉਂ ਨਾ ਹੋਵੇ।

(ਗਰਾਨਮਾ ਚੋਂ ਧੰਨਵਾਦ ਸਹਿਤ)

ਸਫ਼ਾ 9 ਦੀ ਬਾਕੀ

ਕਦਮੀ ਕੀਤੀ ਜਾਵੇ।

(14) ਫੌਰੀ ਔਕੜ ਰਹਿਤ ਕਦਮ ਚੁਕੇ ਜਾਣ ਅਤੇ ਅਸਰ ਹੇਠਲੇ ਇਲਾ- ਕਿਆਂ ਵਿਚ ਅਨਾਜ ਭੰਡਾਰਾਂ ਦੀ ਪੂਰੀ ਵਰਤੋਂ ਕੀਤੀ ਜਾਵੇ।

(15) ਕੇਂਦਰ ਸਰਕਾਰ ਦੀਆਂ ਮਜ਼ਦੂਰ-ਮਾਰੂ ਨੀਤੀਆਂ ਨੂੰ ਉਲਟਾਇਆ ਜਾਵੇ ਅਤੇ ਐਮ. ਐਸ. ਏ ਤੇ ਐਸਮਾ ਵਰਗੇ ਲੋਕ ਵਿਰੋਧੀ ਕਾਨੂੰਨਾਂ ਨੂੰ ਖਤਮ ਕੀਤਾ ਜਾਵੇ ਅਤੇ ਟਰੇਡ ਯੂਨੀਅਨਾਂ ਦੀ ਕੌਮੀ ਮੁਹਿੰਮ ਕਮੇਟੀ ਵਲੋਂ ਤੈਹ ਕੀਤੀਆਂ ਗਈਆਂ ਮੰਗਾਂ ਸਵੀਕਾਰ ਕੀਤੀਆਂ ਜਾਣ ਤੇ ਸਨਅਤਾਂ ਬੰਦ ਹੋਣ ਅਤੇ ਤਾਲਾਂਬੰਦੀਆਂ ਨੂੰ ਰੋਕਣ ਲਈ ਅਸਰਦਾਇਕ ਕਦਮ ਚੁਕੇ ਜਾਣ।

(16) ਆਰਥਕ ਸਵੈ-ਨਿਰਭਰਤਾ ਵਾਲੀ ਕੌਮੀ ਨੀਤੀ ਨੂੰ ਮੁੜ ਬਹਾਲ ਕੀਤਾ ਜਾਵੇ, ਅਤੇ ਅਜਿਹੀਆਂ ਮਾਲੀ, ਵਿਤੀ ਤੇ ਪੂੰਜੀਨਿਵੇਸ਼ ਸਬੰਧੀ ਨੀਤੀਆਂ ਖਤਮ ਕੀਤੀਆਂ ਜਾਣ ਜਿਹੜੀਆਂ ਗਰੀਬ ਅਤੇ ਮਜ਼ਦੂਰ ਜਮਾਤ ਦੇ ਹਿਤਾਂ ਦੀ ਕੀਮਤ ਤੇ ਵੱਡੇ ਇਜਾਰੇਦਾਰੀ ਘਰਾਣਿਆਂ ਅਤੇ ਬਹੁ- ਕੌਮੀ ਕੰਪਨੀਆਂ ਦੀ ਹੌਂਸਲਾ ਅਫਜਾਈ ਕਰਦੀਆਂ ਹਨ ਤੇ ਉਹਨਾਂ ਦੇ ਹਿੱਤਾਂ ਦੀ ਸੇਵਾ ਕਰਦੀਆਂ ਹਨ।

(17) ਅਨੁਸੂਚਤ ਜਾਤੀਆਂ ਅਤੇ ਅਨੁਸੂਚਤ ਕਬੀਲਿਆਂ, ਧਾਰਮਕ ਘੱਟ- ਗਿਣਤੀਆਂ, ਔਰਤਾਂ ਤੇ ਸਮਾਜ ਦੇ ਦੂਸਰੇ ਕੰਮਜ਼ੋਰ ਵਰਗਾਂ ਨਾਲ ਜਾਰੀ ਆਰਥਕ ਬੇਇਨਸਾਫੀ ਅਤੇ ਸਰੀਰਕ ਹਮਲਿਆਂ ਨੂੰ ਖਤਮ ਕਰਨ ਲਈ ਜ਼ੋਰਦਾਰ ਕਦਮ ਚੁਕੇ ਜਾਣ।

ਕੇਂਦਰੀ ਕਮੇਟੀ ਸਾਰੀਆਂ ਪਾਰਟੀ ਇਕਾਈਆਂ ਨੂੰ ਸੱਦਾ ਦਿੰਦੀ ਹੈ ਕਿ ਉਹ ਰਾਜੀਵ ਗਾਂਧੀ ਦੇ ਅਸਤੀਫੇ ਤੋਂ ਤਾਜ਼ਾ ਕਰਵਾਉਣ ਦੀ ਮੰਗ ਨੂੰ ਲੈ ਕੇ ਮੁਹਿੰਮ ਚਲਾਉਣ।

ਬਾਕੀ ਸਫ਼ਾ 18 ਉਤੇ

ਸ਼ਾਇਦ ਕਿਸੇ ਵੀ ਹਾਕਮ ਨੇ ਨਾ ਖਾਧਾ ਹੋਵੇ। ਮੇਰੀ ਦੌਲਤ ਮੇਰੇ ਹੁਨਰ ਵਿਚ ਤੇ ਹੱਥਾਂ ਵਿਚ ਹੈ।'

ਮੇਫਤੂਕ ਕਹਿਣ ਲੱਗੀ,'ਆਖਰਕਾਰ ਇਕ ਸਹੀ, ਲਾੜਾ ਮਿਲ ਹੀ ਗਿਆ ਹੈ, ਪਿਤਾ ਜੀ, ਉਹ ਠੀਕ ਕਹਿ ਰਿਹਾ ਹੈ। ਹੱਥ, ਜਿਹੜੇ ਏਨਾ ਕੁਝ ਕਰਨਜੋਗ ਹੋਣ ਉਨਾਂ ਸਵਾਰਥੀ ਸਿਪਾਹੀਆਂ ਤੇ ਵਡਮੁੱਲੇ ਹੀਰੇ, ਜਵਾਹਰਾਤਾਂ ਤੋਂ ਕਿਤੇ ਕੀਮਤੀ ਹਨ ਉਹ ਸੋਨੇ ਦੇ ਹੱਥ ਹਨ।'

ਉਹਨੇ ਫਿਰ ਉਸ ਕਿਰਤੀ ਨਾਲ ਵਿਆਹ ਕਰ ਲਿਆ।

## ਤੇਰਾ ਲਹੂ ਮੇਰਾ ਲਹੂ

**ਬਾਬੂ ਨਿਰਮਲ ਸਿੰਘ 'ਨਾਜ਼' ਵਿਨੀਪੈਗ**

ਡੁਲ ਗਿਆ ਗਲੀਆਂ 'ਚ ਜਦ ਤੇਰਾ ਲਹੂ, ਮੇਰਾ ਲਹੂ,
ਕੌਣ ਪੁੱਛਦਾ ਹੈ ਭਲਾ, ਵਗਦਾ ਹੈ ਇਹ ਕਿਸਦਾ ਲਹੂ !

ਕੋਈ ਹਿੰਦੂ, ਕੋਈ ਮੁਸਲਿਮ, ਕੋ ਸਿੱਖ ਹੋਵੇ ਤਾਂ ਕੀ ?
ਲੜਦਿਆਂ ਦੀਵਾਨਿਆਂ ਦਾ ਰੁਲ ਗਿਆ, ਸਭ ਦਾ ਲਹੂ !

ਆ ਗਏ ਲੋਥਾਂ ਉਠਾ ਕੇ ਲੈ ਗਏ ਫਿਰਕਾਪ੍ਰਸਤ,
ਮਰ ਕੇ ਆਖਿਰ ਮਿਲ ਗਿਆ ਆਪਸ 'ਚ ਸਭਨਾਂ ਦਾ ਲਹੂ

ਆ ਗਏ ਮੁਨਸਿਫ, ਕਾਨੂੰਨੀ ਕਾਰਵਾਈ ਕਰਨ ਨੂੰ !
ਕੌਣ ਦੱਸੇ ਕਿਸ ਦੀ ਖਾਤਰ ਡੁਲ੍ਹਿਆ ਕਿਸ, ਕਿਸ ਦਾ ਲਹੂ !

ਫੜ ਲਏ ਕੁਝ ਬੇ-ਗੁਨਾਹ ਮਸ਼ਕੂਕ ਮੁਲਜ਼ਿਮ ਜਾਣ ਕੇ,
ਠਾਣਿਆਂ ਵਿਚ ਹੁਣ ਪਿਆ ਸੁੱਕਦਾ ਹੈ, ਉਹਨਾਂ ਦਾ ਲਹੂ

ਆ ਗਿਆ ਤਿਉਹਾਰ ਹੋਲੀ ਖੂਨ ਦੀ ਖੇਲੋ ਪਏ,
ਰੰਗ ਤਾਂ ਮਹਿੰਗਾ ਹੈ, ਲੇਕਨ ਹੈ ਬਹੁਤ ਸਸਤਾ ਲਹੂ !

ਯਾਰ ਦੇ ਕਦਮਾਂ 'ਚ ਜਦ ਡੁਲਿਆ ਕਦੀ ਮੇਰਾ ਲਹੂ
ਹੁਸਨ ਨੂੰ ਗਰਮਾ ਗਿਆ, ਚਮਕਾ ਗਿਆ ਮੇਰਾ ਲਹੂ ।

### ਗ਼ਜ਼ਲ /ਹਰਦੀਪ ਢਿੱਲੋਂ

ਵਿਹਲ ਮਿਲੀ ਤਾਂ ਦਿਲ ਦਾ ਹਾਲ ਸੁਣਾਵਾਂਗੇ ।
ਹਿੱਸੇ ਆਈ ਸੱਜਰੀ ਮਹਿਕ ਹੰਢਾਵਾਂਗੇ ।

ਸੋਨਾ ਜਿਹੜਾ ਖਾ ਗਿਆ ਕੰਨ ਮਹਿਬੂਬਾ ਦੇ,
ਢਾਲ ਕਿਰਤ ਦੇ ਮੱਥੇ ਮੁਕਟ ਸਜਾਵਾਂਗੇ ।

ਹੋਰ ਕਦੋਂ ਤੱਕ ਦੀਪ ਜਗਾਕੇ ਯਾਦਾਂ ਦੇ,
ਦਿਲ ਦੀ ਸੱਖਣੀ ਕੁੱਲੀ ਨੂੰ ਰੁਸ਼ਨਾਵਾਂਗੇ ।

ਫੇਰ ਕਿਸੇ ਅੱਜ ਗੈਰਤ ਟੁੰਬੀ ਚਾਕਾਂ ਦੀ,
ਕਹਿੰਦੇ ਚੂਰੀ ਵਿਚੋਂ ਹੱਕ ਵੰਡਾਵਾਂਗੇ ।

ਰਸਤਾ ਸਮਝ ਹਜੂਮ ਤੁਰਨਗੇ ਲੋਕਾਂ ਦੇ,
ਜਿਸ ਜੰਗਲ ਵਿਚ ਆਪਾਂ ਕਦਮ ਟਿਕਾਵਾਂਗੇ ।

ਬੂਟਾਂ ਵਾਲੇ ਮਿਧ-ਮਿਧ ਲੰਘੇ ਫੁੱਲਾਂ ਨੂੰ,
ਹੱਥ ਫੁੱਲਾਂ ਦੇ ਹੁਣ ਹਥਿਆਰ ਫੜਾਵਾਂਗੇ ।

ਲੋੜ ਪਈ ਜੇ ਤਰਾਂਗੇ [ਸਾਗਰ ਆਤਸ਼ ਦਾ,
ਚੜ੍ਹਨਾ ਪਿਆ ਤਾਂ ਸੂਲੀ ਵੀ ਚੜ੍ਹ ਜਾਵਾਂਗੇ ।

### ਅਸੀਂ /ਗੁਰਨਾਮ ਢਿਲੋਂ

ਅਸੀਂ ਤਾਂ, ਸੂਰਜ ਸਦਾ ਸੀ ਚਿਤਵਦੇ,
ਮਨਹੂਸ ਖੌਦੀ ਵਾਲੜੇ, ਤਾਰੇ ਇਹ ਕਿੱਥੋਂ ਚੜ੍ਹ ਗਏ ।
ਵਾਵਾਂ ਨੂੰ ਫਨੀਅਰ ਲੜ ਗਏ ।

ਅਸੀਂ ਤਾਂ, ਸੀ ਸਾਂਝ ਪਾਂਦੇ ਜਗਤ ਦੀ
ਪਰ ਅੱਜ ਅੱਖਾਂ ਸਾਹਮਣੇ, ਹੈ ਧਰਤ ਖਿੰਡੂ ਬਣ ਗਈ
ਅੰਬਰ ਨੇ ਬੂਹੇ ਢੋ ਲਏ, ਆਪਣੇ ਪਰਾੜੇ ਹੋ ਰਹੇ ।

ਅਸੀਂ ਤਾਂ, ਕਹਿੰਦੇ ਸੀ ਬਹੁਤ ਚਿਰਾਂ ਦਾ
ਪੌਦਿਆਂ ਨੂੰ ਹੱਕ ਦੇਵੋ, ਹੋਰ ਵਧਣ ਫੁੱਲਣ ਦਾ
ਫਲ ਸੋਹਣਾ ਦੇਣ ਦਾ ।
ਪਰ ਅਸਾਡੇ ਖੇਤ ਨੂੰ ਕਿਨ੍ਹਾਂ ਬਲਾਵਾਂ ਘੇਰਿਆ ।
ਦੂਹਰਾ ਸੁਹਾਗਾ ਫੇਰਿਆ ।

ਅਸੀਂ ਤਾਂ, ਸੁਪਨੇ ਲਏ ਸੀ ਪਿਆਰੇ ਦੇ,
ਇਕ ਦੂਜੇ ਦੀਆਂ ਸੁੱਖਾਂ, ਮੰਗਦੇ ਪਰਿਵਾਰ ਦੇ ।
ਕੌਣ ਦਿੱਲ, ਸੁਪਨਿਆਂ 'ਤੇ ਝੱਪਟ ਪਈ ।
ਲੜੀ ਵਿੱਚੇ ਟੁੱਟ ਗਈ ।

ਪਰ ਹੈ ਵਿਸ਼ਵਾਸ 'ਸਾਨੂੰ
ਕਣ ਜੋ ਦੱਬੇ ਗਏ, ਟਾਹਣ ਜੋ ਛਾਂਗੇ ਗਏ,
ਰੁੱਖ ਜੋ ਕੱਟੇ ਗਏ, ਅੰਗਿਆਰ ਵਾਂਗ ਮਘਣ ਗੇ ।
ਘਰ ਘਰ 'ਚ ਦੀਵੇ ਜਗਣਗੇ । ਅਸੀਂ ਤਾਂ ਸੂਰਜ........0

### ਗ਼ਜ਼ਲ/ਰਣਬੀਰ ਰਾਣਾ

ਅਸੀਂ ਇਸ਼ਕ ਖਾਤਿਰ ਬਗਾਵਤ ਕਰਾਂਗੇ ।
ਤਿਰੇ ਜ਼ੁਲਮ ਤੋਂ ਕਦੀ ਨਾ ਡਰਾਂਗੇ ।

ਖੁਦਾ ਨੂੰ ਕਹਾਗੇਂ ਅਸੀਂ ਬਾਤ ਇੱਕੋ,
ਅਸੀਂ ਬੰਦਗੀ ਬੰਦਿਆਂ ਦੀ ਕਰਾਂਗੇ ।

ਬੜੀ ਹੈ ਪੁਰਾਣੀ ਅਸਾਡੀ ਮੁਹੱਬਤ,
ਨਵੀਂ ਜ਼ਿੰਦਗੀ ਇਸਨੂੰ ਦੇਕੇ ਮਰਾਂਗੇ ।

ਅਸੀਂ ਜ਼ੁਲਮ ਤੇਰੇ ਜਰੇ ਨੇ ਬੜਾ ਚਿਰ,
ਅਸੀਂ ਜ਼ੁਲਮ ਤੇਰੇ ਨਹੀਂ ਹੁਣ ਜਰਾਂਗੇ ।

ਅਸੀਂ ਰਾਹ ਤੋਂ ਹੁਣ ਨਹੀਂ ਡੋਲਣਾ ਹੈ,
ਅਸੀਂ ਅੱਗ ਦਾ ਹੁਣ ਸਮੁੰਦਰ ਤਰਾਂਗੇ ।

ਅਸੀਂ ਸਿਰ ਝੁਕਾਕੇ ਨਹੀਂ ਏਥੇ ਰਹਿਣਾ,
ਅਸੀਂ ਅਣਖ ਖਾਤਿਰ ਲੜਾਂਗੇ ਮਰਾਂਗੇ ।

ਨਹੀਂ ਰਾਣਿਆਂ ਇਸ਼ਕ ਨੂੰ ਲਾਜ ਲ਼ਾਉਣੀ,
ਅਸੀਂ ਸੀਸ ਅਪਣਾ ਤਲੀ 'ਤੇ ਧਰਾਂਗੇ ।

# ਚਾਰ ਗ਼ਜ਼ਲਾਂ

/ਹਰਭਜਨ ਹਲਵਾਰਵੀ

## 1

ਦੁੱਧੋਂ ਪਾਣੀਂ ਨਿਤਾਰੋ ਐਸਾ ਹਿਸਾਬ ਹੋਵੇ ।
ਧੱਕਾ ਨਾ ਹੇਰਾਫੇਰੀ ਕੋਈ ਜਨਾਬ ਹੋਵੇ ।
ਇਸ ਅੰਨ੍ਹੀ ਦੁਸ਼ਮਣੀ ਦੇ ਹੜ੍ਹ ਨੂੰ ਹੁਣ ਠੱਲ੍ਹ ਪਾਓ,
ਕੀ ਕੁਝ ਇਸ ਰੋੜ੍ਹ ਦਿੱਤਾ ਹੁਣ ਨਾ ਹਿਸਾਬ ਹੋਵੇ ।
ਏਸ ਧਰਤੀ ਦਾ ਹਰ ਕਣ ਜਾਨ ਤੋਂ ਪਿਆਰਾ ਸਾਨੂੰ,
ਹੋਰ ਨਾ ਏਸ ਦੀ ਹੁਣ ਮਿੱਟੀ ਖਰਾਬ ਹੋਵੇ ।
ਹੋਰ ਨਾ ਜਖਮ ਲੱਗਣ ਹੋਰ ਨਾ ਲਹੂ ਡੁੱਲ੍ਹੇ,
ਪਹਿਰਾ ਸੁਖ ਸ਼ਾਂਤੀ ਦਾ ਆਪਣੇ ਪੰਜਾਬ ਹੋਵੇ ।
ਹੁਣ ਨਾ ਕੋਈ ਆਏ ਸਰਘੀ ਸੋਗ ਦੀ ਖਬਰ ਵਰਗੀ,
ਹੁਣ ਨਾ ਕੋਈ ਰਾਤ ਆਏ ਜਿਉਂ ਮਰਿਆ ਖਾਬ ਹੋਵੇ ।
ਨਫਰਤ ਦਾ ਨ੍ਹੇਰ ਮੁੱਕੇ ਲਿਸ਼ਕੇ ਲੋਅ ਦੋਸਤੀ ਦੀ,
ਸਾਂਝਾਂ ਦਾ ਵਿਹੜਿਆਂ ਵਿਚ ਖਿੜਿਆ ਗੁਲਾਬ ਹੋਵੇ ।
ਮੋਹ ਤੇ ਅਪਣੱਤ ਭਿੱਜੇ ਬੁੱਲ੍ਹਾਂ 'ਤੇ ਗੀਤ ਹੋਵਣ,
ਅੱਖਾਂ ਵਿਚ ਫੇਰ ਕੋਈ ਪਿਆਰਾ ਜਿਹਾ ਖਾਬ ਹੋਵੇ ।



## 2

ਪਾਣੀ ਵਿਚ ਲਿਖੋ ਜਾਂ ਹਵਾ ਵਿਚ ਲਿਖੋ ।
ਸੁੱਚੇ ਹਰਫਾਂ ਨੂੰ ਦਿਲ ਦੀ ਦੁਆ ਵਿਚ ਲਿਖੋ ।
ਨਾ ਗੁਫਾ ਵਿਚ ਲਿਖੋ ਨਾ ਖਿਲਾਅ [ਵਿਚ ਲਿਖੋ,
ਮੋਹ ਦੇ ਬੋਲਾਂ ਨੂੰ ਹਰ ਇਕ ਦਿਸ਼ਾ ਵਿਚ ਲਿਖੋ ।
ਲੈ ਕੇ ਆਵੇ ਜੋ ਖੁਸ਼ੀਆਂ ਅਤੇ ਰੌਣਕਾਂ,
ਐਸੀ ਹੋਣੀ ਨੂੰ ਬੰਜਰ ਜਗ੍ਹਾ ਵਿਚ ਲਿਖੋ ।
ਮਹਿਕ ਫੁੱਲਾਂ ਦੀ ਪੱਤਝੜ ਦੇ ਨਾਂ ਕਰ ਦਿਓ,
ਗੀਤ ਲਹਿਰਾਂ ਦਾ ਸੁੱਕੇ ਤਲਾ ਵਿਚ ਲਿਖੋ ।
ਮਿਲ ਹੀ ਜਾਣਾ ਕਦੇ ਤਾਂ ਕਿਸੇ ਮੋੜ 'ਤੇ,
ਜਾਣ ਵਾਲੇ ਨੂੰ ਚੁੱਪ ਅਲਵਿਦਾ ਵਿਚ ਲਿਖੋ ।
ਜਿਹੜਾ ਸੁਪਨੇ ਨੂੰ ਤੋੜਨ ਦਾ ਦੋਸ਼ੀ ਬਣੇ,
ਸ਼ੁਭ ਇਛਾਵਾਂ ਨੂੰ ਉਸ ਦੀ ਸਜ਼ਾ ਵਿਚ ਲਿਖੋ ।
ਭਾਵਨਾਵਾਂ ਪ੍ਰਤੀ ਬੇਧਿਆਨੀ ਤਾਂ ਹੈ,
ਮਿਹਰਬਾਨੀ ਵੀ ਆਪਣੀ ਅਦਾ ਵਿਚ ਲਿਖੋ ।

0

## 3

ਉਸ ਦਿਨ ਵੀ ਸੂਰਜ ਚਮਕਿਆ ਪਰ ਨ੍ਹੇਰ੍ਹ ਪਾ ਗਿਆ ।
ਖੁਸ਼ੀਆਂ ਨੂੰ ਹੂੰਝਾ ਫੇਰ ਕੇ ਸੱਥਰ ਵਿਛਾ ਗਿਆ ।
ਝੱਖੜ ਸੀ ਕੁਝ ਪਲਾਂ ਦਾ ਜਾਂ ਸੀ ਕੋਈ ਭੂਚਾਲ,
ਵਸਦੇ ਰਸਦੇ ਘਰ ਦੀਆਂ ਕੰਧਾਂ ਹਿਲਾ ਗਿਆ ।
ਵਰ੍ਹਿਆਂ ਤੋਂ ਜਿਹੜਾ ਆਲ੍ਹਣਾ ਬੋਟਾਂ ਦਾ ਮਾਣ ਸੀ,
ਇਕ ਵਾਵਰੋਲਾ ਉਸ ਦੇ ਤੀਲੇ ਖਿੰਡਾ ਗਿਆ ।
ਵਿਹੜੇ 'ਚ ਚਾਨਣ ਵੰਡਦੀ ਇਕ ਜੋਤ ਬੁਝ ਗਈ,
ਮਹਿਕਾਂ 'ਚ ਭਿੱਜੀ ਪੌਣ ਦਾ ਬੁੱਲਾ ਚਲਾ ਗਿਆ ।
ਦੋ ਬੋਲ ਚਹਿਕਦੇ ਸੀ ਸਾਹਾਂ ਦੇ ਆਰ ਪਾਰ,
ਉਨ੍ਹਾਂ ਦਾ ਮੁੱਕਣਾ ਪੌਣ ਨੂੰ ਪੱਥਰ ਬਣਾ ਗਿਆ
ਜਿਹੜਾ ਗਵਾਹ ਹੈ ਟੁੱਟਦੇ ਤਾਰੇ ਦੀ ਲੀਕ ਦਾ,
ਇਹ ਹਾਦਸਾ ਉਸ ਦੇ ਜ਼ਿਹਨ 'ਤੇ ਲਾਸ ਪਾ ਗਿਆ ।
ਜਾਂ ਜ਼ਖਮ ਧੁਖ ਰਹੇ ਨੇ ਜਾਂ ਯਾਦ ਸੁਲਘਦੀ,
ਫੁੱਲ ਪੱਤੀਆਂ 'ਤੇ ਕੌਣ ਅੰਗਿਆਰੇ ਟਿਕਾ ਗਿਆ ।

## 4

ਦੰਭੀ ਸ਼ਬਦਾਂ ਦੇ ਰੌਲੇ ਨੂੰ ਹਰ ਵਕਤ ਨਾ ਮਨ 'ਤੇ ਜਰਿਆ ਕਰ ।
ਇਹਨਾਂ ਦੇ ਗੰਧਲੇ ਪਾਣੀ ਤੋਂ ਕੋਈ ਰੋਜ਼ ਕਿਨਾਰਾ ਕਰਿਆ ਕਰ ।
ਇਹ ਫੋਕੀ ਚਮਕ ਦਮਕ ਵਾਲੇ ਰਿਸ਼ਤੇ ਰੂਹ ਨੂੰ ਖਾ ਜਾਵਣਗੇ,
ਛੱਡ ਕੇ ਓਪਰੀਆਂ ਛਾਵਾਂ ਨੂੰ ਆਪਣੀ ਧੁੱਪ ਸੰਗ ਵਿਚਰਿਆ ਕਰ ।
ਅੱਧੀ ਲੰਘੀ ਏ ਫਰਜ਼ਾਂ ਵਿਚ ਤੇ ਬਾਕੀ ਅੱਧੀ ਗਰਜ਼ਾਂ ਵਿਚ,
ਕੁਝ ਪਲ ਆਪਣੇ ਵੀ ਲੇਖੇ ਲਾ ਐਵੇਂ ਜਿਉਂਦਾ ਨਾ ਮਰਿਆ ਕਰ ।
ਜੋ ਮਿਲਿਆ ਉਹ ਵੀ ਕਾਫ਼ੀ ਹੈ ਰੱਜਣ ਨੂੰ ਹੋਰ ਕੀ ਚਾਹੀਦਾ,
ਜੋ ਥੋੜ੍ਹਾ ਬਹੁਤ ਰਿਹਾ ਪਾਸੇ ਉਹਨੂੰ ਦੇਖ ਨਾ ਹਉਕਾ ਭਰਿਆ ਕਰ ।
ਇਹ ਝੂਠ ਸੜਕ ਜਰਨੈਲੀ ਹੈ ਇਹਦੇ 'ਤੇ ਚੱਲਣਾ ਔਖਾ ਕੀ,
ਸੱਚ ਦੀ ਪਥਰੀਲੀ ਪਗਡੰਡੀ ਪੱਬ ਇਸ ਉਤੇ ਵੀ ਧਰਿਆ ਕਰ ।
ਚਾਹ ਪਾਣੀ ਤੋਂ ਲੈ ਜਿਸਮਾਂ ਤੱਕ ਹੁਣ ਕੋਈ ਜੂਠ ਨਹੀਂ ਗਿਣਦਾ,
ਰਚਨਾ ਵਿਚ ਖੋਟ ਨਾ ਰਲ ਜਾਵੇ ਬਸ ਏਸੇ ਗੱਲ ਤੋਂ ਡਰਿਆ ਕਰ ।
ਏਧਰ ਹਾਲੇ ਵੀ ਫੁੱਲ ਖਿੜਦੇ ਹਾਲੇ ਵੀ ਮਹਿਕ ਬਥੇਰੀ ਏ,
ਜਦ ਸਾਫ ਹਵਾ ਨੂੰ ਦਿਲ ਤਰਸੇ ਇਸ ਜੰਗਲ ਵੱਲ ਮੂੰਹ ਕਰਿਆ ਕਰ ।

0

[ਸਹਾਇਕ ਸੰਪਾਦਕ, ਪੰਜਾਬੀ ਟ੍ਰਿਬਿਊਨ, ਚੰਡੀਗੜ੍ਹ.]

*ਇਕ ਬਸ਼ਕੀਰ ਕਹਾਣੀ–*

# ਸੋਨੇ ਦੇ ਹੱਥ

ਇਕ ਵਾਰ ਇਕ ਆਜੜੀ ਇਕ ਸਟੇਪੀ ਵਿਚ ਰਹਿੰਦਾ ਸੀ। ਉਹਦੀ ਇਕ ਬਹੁਤ ਹੀ ਸੁੰਦਰ ਧੀ ਸੀ। ਜਦੋਂ ਉਹ ਸਟੇਪੀ ਵਿਚ ਤੁਰਦੀ, ਆਸਮਾਨ ਦੇ ਤਾਰੇ ਲੁਕ ਜਾਂਦੇ ਅਤੇ ਨਦੀਆਂ ਸ਼ਾਂਤ ਹੋ ਜਾਂਦੀਆਂ। ਕਿਉਂਕਿ ਉਹਦੀਆਂ ਅੱਖਾਂ ਤਾਰਿਆਂ ਨਾਲੋਂ ਵਧ ਚਮਕੀਲੀਆਂ ਸਨ ਤੇ ਉਹਦੀ ਆਵਾਜ਼ ਨਦੀਆਂ ਦੀ ਕਲਕਲ ਤੋਂ ਵੀ ਵੱਧ ਮਿੱਠੀ ਸੀ। ਉਸ ਕੁੜੀ ਦਾ ਨਾਂ ਸੀ ਮੇਫਤੁਕ। ਪਿਤਾ ਆਪਣੀ ਮੇਫਤੁਕ ਨੂੰ ਬਹੁਤ ਪਿਆਰ ਕਰਦਾ ਸੀ ਤੇ ਉਹਦੀ ਹਰ ਇੱਛਾ ਪੂਰੀ ਕਰਦਾ ਸੀ।

ਉਹਨੇ ਇਕ ਵਾਰ ਉਹਨੂੰ ਪੁੱਛਿਆ 'ਮੇਰੀ ਬੇਟੀ, ਤੂੰ ਕੀਹਦੇ ਨਾਲ ਵਿਆਹ ਕਰਨਾ ਚਾਹੁੰਦੀ ਹੈ।'

ਮੇਫਤੁਕ ਨੇ ਉਤਰ ਦਿਤਾ, 'ਪਿਤਾ ਜੀ, ਮੈਂ ਉਸ ਵਿਅਕਤੀ ਨਾਲ ਵਿਆਹ ਕਰਾਂਗੀ ਜੋ ਇਸ ਸੰਸਾਰ ਦਾ ਸਭ ਤੋਂ ਅਮੀਰ ਵਿਅਕਤੀ ਵੀ ਹੋਵੇ ਤੇ ਸਭ ਤੋਂ ਗਰੀਬ ਵੀ।'

ਬੁੱਢਾ ਸੋਚੀਂ ਪੈ ਗਿਆ ਤੇ ਫਿਰ ਆਪਣਾ ਸਿਰ ਹਿਲਾਇਆ। 'ਇਹ ਤਾਂ ਬੜਾ ਔਖਾ ਸਵਾਲ ਤੂੰ ਪਾਇਆ ਹੈ। ਮੈਂ ਤੇਰੇ ਲਈ ਅਜਿਹਾ ਪਤੀ ਕਿਥੋਂ ਲਭ ਕੇ ਲਿਆਵਾਂਗਾ?'

ਕੁੜੀ ਨੇ ਉਤਰ ਦਿਤਾ, 'ਤੈਨੂੰ ਭਾਲ ਕਰਨ ਦੀ ਕੋਈ ਲੋੜ ਨਹੀਂ। ਸਿਰਫ ਐਲਾਨ ਕਰਨ ਦੀ ਹੀ ਲੋੜ ਹੈ ਤੇ ਵਿਆਹ ਦੇ ਇਛਕ ਆਪਣੇ ਆਪ ਆ ਜਾਣਗੇ।'

ਇਸ ਲਈ ਪਿਤਾ ਨੇ ਐਲਾਨ ਕੀਤਾ ਕਿ ਜਿਹੜਾ ਵਿਅਕਤੀ ਸਿੱਧ ਕਰ ਦੇਵੇਗਾ ਕਿ ਉਹ ਸੰਸਾਰ ਵਿਚ ਸਭ ਤੋਂ ਅਮੀਰ ਵੀ ਹੈ ਤੇ ਸਭ ਤੋਂ ਗਰੀਬ ਵੀ, ਉਹਦੇ ਨਾਲ ਉਹ ਆਪਣੀ ਸੁੰਦਰ ਧੀ ਮੇਫਤੁਕ ਦਾ ਵਿਆਹ ਕਰ ਦੇਵੇਗਾ।

ਉਹਨੇ ਇਕ ਦਿਨ ਨੀਅਤ ਕਰ ਕੇ ਵਿਆਹ ਦੇ ਇੱਛਕਾਂ ਨੂੰ ਸੱਦਿਆ।

ਉਹ ਦਿਨ ਆ ਪੁੱਜਾ। ਸਵੇਰ ਵੇਲੇ ਤੋਂ ਹੀ ਮੇਫਤੁਕ ਦੀਆਂ ਸਹੇਲੀਆਂ ਉਹਦੇ ਦੁਆਲੇ ਇਕੱਤਰ ਹੋਣ ਲਗੀਆਂ ਤੇ ਉਹਨੂੰ ਦੁਲਹਨ ਦਾ ਜੋੜਾ ਪੁਆਉਣ ਲਗੀਆਂ। ਇਕ ਨੇ ਉਹਦੀ ਲੰਮੀ ਗੁੱਤ ਕੀਤੀ ਜਿਹਦੇ ਵਿਚ ਉਹਨੇ ਮੋਤੀਆਂ ਦੀਆਂ ਲੜੀਆਂ ਗੁੰਦੀਆਂ, ਇਕ ਨੇ ਜ਼ਰੀ ਵਾਲੇ ਕਪੜੇ ਤਿਆਰ ਕੀਤੇ ਤੇ ਤੀਜੀ ਨੇ ਮੇਫਤੁਕ ਦੀਆਂ ਪਤਲੀਆਂ ਉਂਗਲੀਆਂ ਲਈ ਅੰਗੂਠੀ ਦੀ ਚੋਣ ਕੀਤੀ।

ਇਸ ਤੋਂ ਮਗਰੋਂ ਸਾਰੀਆਂ ਬਾਹਰ ਖੜੇ ਸੰਭਾਵੀ ਲਾੜਿਆਂ ਬਾਰੇ ਗੱਲਾਂ ਕਰਨ ਲੱਗੀਆਂ।

ਪਹਿਲੀ ਸਹੇਲੀ ਕਹਿਣ ਲੱਗੀ, 'ਇਕ ਨੌਜਵਾਨ ਆਪਣੇ ਨਾਲ ਸੌ ਊਠ ਲਿਆਇਆ ਹੈ, ਜਿਹੜੇ ਕੀਮਤੀ ਕਪ-ੜਿਆਂ ਦੀਆਂ ਗੱਠਾਂ ਨਾਲ ਲੱਦੇ ਹੋਏ ਹਨ।'

ਦੂਜੀ ਸਹੇਲੀ ਕਹਿਣ ਲੱਗੀ, 'ਇਕ ਤਾਂ ਆਪਣੇ ਨਾਲ ਇਕ ਹਜ਼ਾਰ ਜੋਧੇ ਅਤੇ ਸ਼ਾਨਦਾਰ ਹਥਿਆਰ ਵੀ ਲਿਆਇਆ ਹੈ।'

ਬਾਕੀ ਦੀਆਂ ਇਕੋ ਆਵਾਜ਼ ਵਿਚ ਬੋਲੀਆਂ, 'ਤੇ ਤੀਜਾ ਹੀਰਿਆਂ, ਮੋਤੀਆਂ ਤੇ ਪੰਨਿਆਂ ਦੇ ਭਰੇ ਸੰਦੂਕ ਲਿਆਇਆ ਹੈ।' ਨਿਰਸੰਦੇਹ, ਉਹਨਾਂ ਦੀ ਦੌਲਤ ਅਣਮੋਲ ਹੈ।'

ਬੁੱਢਾ ਦਹਿਲੀਜ਼ ਤਕ ਆਇਆ ਤੇ ਕਹਿਣ ਲੱਗਿਆ, 'ਧੀਏ, ਕੀ ਤੂੰ ਤਿਆਰ ਹੋ ਗਈ ਹੈਂ? ਲੋਕ ਬਾਹਰ ਆ ਗਏ ਹਨ ਤੇ ਤੇਰੀ ਉਡੀਕ ਕਰ ਰਹੇ ਹਨ।'

'ਮੈਂ ਤਿਆਰ ਹਾਂ ਪਿਤਾ ਜੀ', ਮੇਫਤੁਕ ਨੇ ਉਤਰ ਦਿਤਾ। ਵਿਆਹ ਦੇ ਜੋੜੇ ਵਿਚ ਉਹ ਸੂਰਜ ਵਾਂਗ ਚਮਕਦੀ ਚਮਕਦੀ ਬਾਹਰ ਆਈ।

ਸੰਭਾਵੀ ਲਾੜਿਆਂ ਨੇ ਸੁੰਦਰ ਮੇਫਤੁਕ ਤੇ ਉਹਦੇ ਪਿਤਾ ਸਾਹਮਣੇ ਸਿਰ ਝੁਕਾਇਆ। ਬੁੱਢਾ ਵਿਅਕਤੀ ਇਕ ਬੈਂਚ ਉਤੇ ਬੈਠ ਗਿਆ ਤੇ ਆਪਣੀ ਧੀ ਨੂੰ ਆਪਣੇ ਲਾਗੇ ਬੈਠਾਕੇ ਕਹਿਣ ਲਗਿਆ, 'ਮੇਰੀ ਧੀ ਮੇਫਤੁਕ ਉਸ ਵਿਅਕਤੀ ਨਾਲ ਵਿਆਹ ਕਰਾਉਣਾ ਚਾਹੁੰਦੀ ਹੈ ਜਿਹੜਾ ਸੰਸਾਰ ਵਿਚ ਸਭ ਤੋਂ ਅਮੀਰ ਵੀ ਹੋਵੇ ਤੇ ਸਭ ਤੋਂ ਗਰੀਬ ਵੀ। ਸਾਨੂੰ ਆਪਣੇ ਬਾਰੇ ਦਸੋ।'

ਸ਼ਾਨਦਾਰ ਕਪੜਿਆਂ ਵਿਚ ਕੁਝ ਨੌਜਵਾਨ ਅਗੇ ਆਏ। ਉਹਨਾਂ ਦੇ ਨੌਕਰ ਵੱਡਮੁਲੀਆਂ ਵਸਤਾਂ, ਕਪੜਿਆਂ ਦੀਆਂ ਗਠਾਂ ਤੇ ਕੀਮਤੀ ਹੀਰੇ-ਪੰਨਿਆਂ ਨਾਲ ਲਦੇ ਊਠਾਂ ਦੇ ਅਗੇ ਅਗੇ ਤੁਰ ਰਹੇ ਸੀ।

ਨੌਜਵਾਨ ਇਕ ਵਾਰ ਫਿਰ ਝੁਕਕੇ ਕਹਿਣ ਲਗੇ, 'ਸੁੰਦਰ ਲੜਕੀ, ਅਸੀਂ ਤੈਨੂੰ ਪਿਆਰ ਕਰਦੇ ਹਾਂ ਤੇ ਤੇਰੇ ਨਾਲ ਵਿਆਹ ਕਰਾਉਣਾ ਚਾਹੁੰਦੇ ਹਾਂ, ਸਾਡੇ ਵਿਚੋਂ ਜਿਹੜਾ ਤੈਨੂੰ ਚੰਗਾ ਲਗਦਾ ਹੈ, ਤੂੰ ਉਹਨੂੰ ਚੁਣ ਲੈ।'

ਮੇਫਤੁਕ ਨੇ ਪੁਛਿਆ, 'ਕੀ ਤੁਸੀਂ ਸਾਰੇ ਬੜੇ ਅਮੀਰ ਹੋ?'

'ਹਾਂ, ਸੁੰਦਰਤਾ ਦੀ ਮੂਰਤ, ਅਸੀਂ ਦੌਲਤਮੰਦ ਹਾਂ।'

'ਇਹ ਤੁਸੀਂ ਕਿਵੇਂ ਸੋਚਦੇ ਹੋ ਕਿ ਤੁਸੀਂ ਸੰਸਾਰ ਵਿਚ ਸਭ ਤੋਂ ਗਰੀਬ ਹੋ?'

'ਇਸ ਲਈ ਕਿ ਸਾਡੇ ਕੋਲ ਇਸ ਧਰਤੀ ਦਾ ਸਭ ਤੋਂ ਵੱਡਾ ਖਜ਼ਾਨਾ ਨਹੀਂ ਹੈ, ਤੇਰਾ ਹੱਥ ਤੇ ਦਿਲ, 'ਨੌਜਵਾਨ ਨੇ ਉਤਰ ਦਿਤਾ।

ਮੇਫਤੁਕ ਹੱਸਣ ਲੱਗੀ: 'ਇਹਦਾ ਅਰਥ ਹੋਇਆ ਕਿ ਇਕ ਵਾਰ ਮੇਰਾ ਹੱਥ ਤੇ ਦਿਲ ਮਿਲਣ ਉਤੇ ਤੁਸੀਂ ਫਿਰ ਅਮੀਰ ਹੋ ਜਾਵੋਗੇ, ਤੇ ਗਰੀਬ ਨਹੀਂ. ਮੈਨੂੰ ਤੁਹਾਡੇ ਖਜ਼ਾਨੇ ਨਹੀਂ ਚਾਹੀਦੇ। ਤੁਹਾਡੇ ਵਿਚੋਂ ਅਜਿਹਾ ਇਕ ਵੀ ਨਹੀਂ ਹੈ ਜਿਹਦੀ ਮੈਨੂੰ ਤਲਾਸ਼ ਹੋਵੇ।

ਕੁਝ ਸ਼ਾਨਦਾਰ ਜੋਧੇ ਸਾਹਮਣੇ ਆਏ, ਜਿਹਨਾਂ ਦੇ ਪਿਛੇ ਸਿਪਾਹੀਆਂ ਨੇ ਝੁਰਮਟ ਪਾਇਆ ਹੋਇਆ ਸੀ।

ਉਹਨਾਂ ਕਿਹਾ, 'ਅਸੀਂ ਸਾਰੇ ਓਨੇ ਅਮੀਰ ਨਹੀਂ ਹਾਂ, ਪਰ ਆਪਣੇ ਸਿਪਾ-ਹੀਆਂ ਦੀ ਮਦਦ ਨਾਲ ਜੇਕਰ ਅਸੀਂ ਬਦੇਸ਼ੀ ਧਰਤੀਆਂ ਉਤੇ ਜਿੱਤਾਂ ਪਰਾਪਤ ਕਰ ਲਵਾਂਗੇ, ਤਾਂ ਅਸੀਂ ਸਭ ਤੋਂ ਅਮੀਰ ਵਿਅਕਤੀ ਬਣ ਜਾਵਾਂਗੇ।'

'ਪਰ ਤੁਸੀਂ ਆਪਣੇ ਸਿਪਾਹੀਆਂ ਤੋਂ ਬਿਨਾਂ ਖੁਦ ਕੀ ਕਰ ਸਕਦੇ ਹੋ? ਮੇਫਤੁਕ ਨੇ ਪੁੱਛਿਆ।

'ਆਪਣੇ ਸਿਪਾਹੀਆਂ ਤੋਂ ਬਿਨਾਂ ਅਸੀਂ ਕੁਝ ਵੀ ਨਹੀਂ ਹਾਂ, 'ਜੋਧਿਆਂ ਨੇ ਉਤਰ ਦਿੱਤਾ।

ਫਿਰ ਤੁਹਾਡੇ ਵਿਚੋਂ ਕੋਈ ਵੀ ਮੇਰਾ ਪਤੀ ਨਹੀਂ ਬਣ ਸਕਦਾ,' ਕੁੜੀ ਨੇ ਕਿਹਾ।

ਅਚਾਨਕ ਪੁਰਾਣੇ ਕਪੜਿਆਂ ਵਿਚ ਇਕ ਗਰੀਬ ਤੇ ਸੁੰਦਰ ਨੌਜਵਾਨ ਸਾਹ-ਮਣੇ ਆਇਆ। ਉਹ ਸੁੰਦਰ ਮੇਫਤੁਕ ਅੱਗੇ ਝੁਕਿਆ।

'ਇਹ ਕੀ? ਕੀ ਤੂੰ ਵੀ ਮੇਰੀ ਧੀ ਨਾਲ ਵਿਆਹ ਕਰਾਉਣਾ ਚਾਹੁੰਦਾ ਹੈਂ?' ਪਿਤਾ ਨੇ ਹੱਸਦਿਆਂ ਪੁੱਛਿਆ, 'ਅਸੀਂ ਵੇਖ ਰਹੇ ਹਾਂ ਕਿ ਤੂੰ ਗਰੀਬ ਹੈਂ। ਪਰ ਤੇਰੀ ਦੌਲਤ ਕਿਥੇ ਹੈ?'

'ਮੇਰੀ ਦੌਲਤ ਸਦਾ ਮੇਰੇ ਨਾਲ ਰਹਿੰਦੀ ਹੈ, 'ਨੌਜਵਾਨ ਨੇ ਹਸਦਿਆਂ ਉਤਰ ਦਿੱਤਾ, ਤੇ ਜੇਬ ਵਿਚੋਂ ਉਹਨੇ ਇਕ ਸੂਈ, ਇਕ ਹਥੌੜਾ ਤੇ ਕੜਛਾ ਕੱਢੇ। ਮੈਂ ਇਕ ਚੰਗਾ ਦਰਜ਼ੀ ਹਾਂ ਤੇ ਮੈਂ ਅਜਿਹੇ ਸ਼ਾਨਦਾਰ ਕਪੜੇ ਬਣਾ ਸਕਦਾ ਹਾਂ ਜਿਹੜੇ ਤੇਰੇ ਕਪੜਿਆਂ ਨਾਲੋਂ ਵੀ ਵਧੇਰੇ ਸੁੰਦਰ ਹੋਣ। ਮੈਂ ਏਨਾ ਵਧੀਆ ਕਾਰੀਗਰ ਹਾਂ ਕਿ ਤੇਰੇ ਇੱਜੜ ਦੇ ਸਾਰੇ ਘੋੜਿਆਂ ਦੀਆਂ ਖੁਰੀਆਂ ਲਾ ਸਕਦਾ ਹਾਂ। ਮੈਂ ਵਧੀਆ ਬਾਵਰਚੀ ਹਾਂ ਅਤੇ ਏਨਾ ਸ਼ਾਨਦਾਰ ਖਾਣਾ ਤਿਆਰ ਕਰ ਸਕਦਾ ਹਾਂ ਕਿ ਸੰਸਾਰ ਦੇ

# ਸਾਮਰਾਜੀ ਏਜੰਟਾਂ ਦਾ ਪਰਪੰਚ

'ਸੂਫ਼ੀ' ਅਮਰਜੀਤ

ਕੈਨੇਡਾ ਵਿਚ ਦੋ ਇਕ ਨਕਸਲੀ ਗਰੁਪ ਦੀ 'ਇਪਾਨਾ' ਨਾਂ ਦੀ ਜਥੇਬੰਦੀ ਵਲੋਂ, 10 ਅਤੇ 11 ਅਕਤੂਬਰ 1987 ਨੂੰ ਵੈਨਕੂਵਰ ਵਿਖੇ ਇਕ ਪਰਪੰਚ ਰਚਾਇਆ ਜਾ ਰਿਹਾ ਹੈ, ਜਿਸ ਦਾ ਏਜੰਡਾ ਹੈ : "ਸਟੇਟ ਤਾਕਤ ਦਾ ਕੇਂਦਰੀਕਰਣ ਅਤੇ ਭਾਰਤ ਵਿਚ ਘਟ ਗਿਣਤੀਆਂ ਨੂੰ ਖਤਰਾ।"

ਇਹ ਏਜੰਡਾ ਵੇਖਣ ਨੂੰ ਤਾਂ ਇਸ ਤਰ੍ਹਾਂ ਜਾਪਦਾ ਹੈ ਜਿਵੇਂ ਕਿਧਰੇ 'ਇਪਾਨਾ' ਹੀ ਭਾਰਤ ਵਿਚ ਸਟੇਟ ਤਾਕਤ ਦੇ ਕੇਂਦਰੀਕਰਣ ਤੋਂ ਅਤੀ ਚਿੰਤਤ ਹੈ ਅਤੇ ਉਸ ਨੂੰ ਭਾਰਤ ਵਿਚ ਘੱਟ-ਗਿਣਤੀਆਂ ਬਾਰੇ ਬੜੀ ਹੀ ਚਿੰਤਾ ਹੈ। ਇਪਾਨਾ ਦੀ ਭਾਰਤ ਵਿਚ ਦੀ ਮੂਲ ਨਕਸਲੀ ਜਥੇਬੰਦੀ ਲੰਘੇ 15 ਸਾਲਾਂ ਵਿਚ ਅੰਬੀਬੇ ਵਾਂਗੂੰ ਟੁੱਟ ਟੁੱਟ ਕੇ ਇਕ ਤੋਂ ਦੋ, ਦੋ ਤੋਂ ਚਾਰ ਅਤੇ ਚਾਰ ਤੋਂ ਸੋਲਾਂ ਵਾਲੇ ਅਮਲ ਵਿਚ ਹੁੰਦੀ ਹੋਈ ਟੋਟੇ ਟੋਟੇ ਹੋਈ ਵਿਖਰੀ ਪਈ ਹੈ। ਏਥੇ ਕੈਨੇਡਾ ਵਿਚ ਇਸ ਦੀਆਂ ਸ਼ਾਖਾਂ ਲਗਪਗ ਸਭ ਥਾਵਾਂ ਉਤੇ ਹੀ ਸੁੱਕ ਗਈਆਂ ਹਨ ਅਤੇ ਬੀ ਸੀ ਵਿਚ ਇਨ੍ਹਾਂ ਦੇ ਮੈਂਬਰਾਂ ਦੀ ਗਿਣਤੀ ਦੋ ਉਂਗਲਾਂ ਤੇ ਗਿਣੀ ਜਾ ਸਕਦੀ ਹੈ। ਜਿਹੜਾ ਏਜੰਡਾ ਇਨਾ ਚੁੱਕਿਆ ਹੈ ਉਸ ਦਾ ਭਾਰ ਚੁੱਕਣ ਦੀ ਸਮਰੱਥਾ ਇਨ੍ਹਾਂ ਨੂੰ ਵਖਵਾਦੀ ਟੋਲਿਆਂ ਤੋਂ ਹੀ ਪ੍ਰਾਪਤ ਕਰਨੀ ਪਈ ਹੈ ਜਿਨ੍ਹਾਂ ਨੂੰ ਅਮਰੀਕਨ ਸਾਮਰਾਜ ਦੀ ਸਰਪ੍ਰਸਤੀ ਪ੍ਰਾਪਤ ਹੈ।

ਘੱਟ ਗਿਣਤੀਆਂ ਦੀ ਸੁਰੱਖਿਅਤਾ ਸੰਬੰਧੀ ਅਤੇ ਹਾਕਮ ਕਾਂਗਰਸ ਦੇ ਵਲੋਂ ਆਪਣੀ ਤਾਕਤ ਨੂੰ ਕੇਂਦਰ ਵਿਚ ਕਾਇਮ ਰੱਖਣ ਲਈ, ਜਵਾਹਰ ਲਾਲ ਨਹਿਰੂ ਵੇਲੇ ਤੋਂ ਹੀ ਕੇਂਦਰ ਦੇ ਹੱਥ ਅਸੀਮਤ ਅਧਿਕਾਰ ਹਨ ਅਤੇ ਸਮੇਂ ਸਮੇਂ ਹੋਰ ਹੋਰ ਅਧਿਕਾਰ ਪ੍ਰਾਪਤ ਕੀਤੇ ਜਾਂਦੇ ਹਨ, ਉਨ੍ਹਾਂ ਸੰਬੰਧੀ ਭਾਰਤ ਦੀਆਂ ਖੱਬੀਆਂ ਅਤੇ ਜਮਹੂਰੀ ਸ਼ਕਤੀਆਂ, ਸਿਰਫ ਚਿੰਤਤ ਹੀ ਨਹੀਂ, ਸਗੋਂ ਇਸ ਦੇ ਵਿਰੁਧ ਰਾਜਨੀਤਕ ਮੁਹਿੰਮਾਂ ਅਤੇ ਐਜੀਟੇਸ਼ਨਾਂ ਲਗਾਤਾਰ ਕਰਦੀਆਂ ਆ ਰਹੀਆਂ ਹਨ। ਕਮਿਊਨਿਸਟ ਪਾਰਟੀ ਆਫ ਇੰਡੀਆ (ਮਾਰਕਸਵਾਦੀ) ਨੂੰ ਇਹ ਮਾਣ ਪ੍ਰਾਪਤ ਹੈ ਕਿ ਉਹ ਘੱਟ ਗਿਣਤੀਆਂ ਦੀ ਸੁਰੱਖਿਆ ਅਤੇ ਰਾਜਾਂ ਨੂੰ ਵੱਧ ਅਧਿਕਾਰਾਂ ਲਈ ਦੇਸ਼ ਵਿਆਪੀ ਮੁਹਿੰਮਾਂ ਲਗਾਤਾਰ ਚਲਾਉਂਦੀ ਆ ਰਹੀ ਹੈ। ਦਿੱਲੀ ਦੇ ਬੇਰਹਿਮ ਸਿੱਖਾਂ ਦੇ ਕਤਲੇਆਮ ਸਮੇਂ, ਹੋਰਨਾਂ ਕਾਂਗਰਸੀ ਹਕੂਮਤ ਵਾਲੇ ਰਾਜਾਂ ਵਿਚ ਵੀ ਸਿੱਖਾਂ ਤੇ ਹਮਲੇ ਹੋਏ, ਪਰ ਪੱਛਮੀ ਬੰਗਾਲ ਅਤੇ ਤਿਰੀਪੁਰਾ ਮਾਰਕਸੀ ਪਾਰਟੀ ਦੀ ਹਕੂਮਤ ਵਾਲੇ ਰਾਜਾਂ ਵਿਚ ਸਿੱਖਾਂ ਦੀ ਪੂਰੀ ਹਿਫਾਜ਼ਤ ਕੀਤੀ ਗਈ, ਇਨ੍ਹਾਂ ਰਾਜਾਂ ਵਿਚ ਦਸਾਂ ਸਾਲਾਂ ਵਿਚ ਫਿਰਕੂ ਫਸਾਦ ਹੋਣ ਹੀ ਨਹੀਂ ਦਿੱਤੇ ਗਏ। ਏਸੇ ਲਈ ਅੱਜ ਭਾਰਤ ਵਿਚ ਸਾਰੀਆਂ ਵਿਰੋਧੀ ਪਾਰਟੀਆਂ, ਸਿਵਾਏ ਹਿੰਦੂ ਸ਼ਾਵਨਵਾਦੀ ਭਾਰਤੀ ਜਨਤਾ ਪਾਰਟੀ ਦੇ, ਸਮੁੱਚੀ ਰਾਜਨੀਤਕ ਲਹਿਰ ਵਿਚ ਮਾਰਕਸੀ ਪਾਰਟੀ ਦੇ ਆਗੂ ਰੋਲ ਨੂੰ ਪਰਵਾਨ ਕੀਤਾ ਜਾ ਚੁਕਾ ਹੈ ਅਤੇ ਇਹ ਹੁਣ ਤਿੰਨ ਰਾਜਾਂ ਵਿਚ ਹਾਕਮ ਪਾਰਟੀ ਵੀ ਹੈ।

ਜੇਕਰ ਇਪਾਨਾ ਇਨ੍ਹਾਂ ਮੁੱਦਿਆਂ ਸੰਬੰਧੀ ਈਮਾਨਦਾਰੀ ਨਾਲ ਆਵਾਜ਼ ਉਠਾਉਂਦੀ ਤਾਂ ਹਰ ਇਕ ਉਸ ਦੇ ਸਟੈਂਡ ਦੀ ਸ਼ਲਾਘਾ ਕਰਦਾ ਪਰ ਅਸਲੀਅਤ ਇਹ ਨਹੀਂ ਹੈ। ਇਪਾਨਾ ਅਤੇ ਇਸ ਦੀ ਲੀਡਰਸ਼ਿਪ ਦਾ ਪਿਛਲੇ ਸਮੇਂ ਦਾ ਸਮੁੱਚਾ ਰਾਜਨੀਤਕ ਕਿਰਦਾਰ ਸਿੱਧ ਕਰਦਾ ਹੈ ਕਿ ਇਪਾਨਾ ਦਾ ਅਕਤੂਬਰ—ਪਰਪੰਚ, ਅਮਰੀਕੀ ਸਾਮਰਾਜ ਦੀ, ਭਾਰਤ ਦੀ ਏਕਤਾ-ਅਖੰਡਤਾ ਵਿਰੁਧ ਅਮਲ ਵਿਚ ਲਿਆਂਦੀ ਜਾ ਰਹੀ ਸਾਜ਼ਸ਼, ਉਪਰ ਪਰਦਾ ਪੋਸ਼ੀ ਹੀ ਨਹੀਂ ਕਰਦਾ, ਸਗੋਂ ਉਸ ਸਾਜ਼ਸ਼ ਨੂੰ ਸਿਰੇ ਚਾੜ੍ਹਨ ਲਈ ਇਕ ਏਜੰਟ ਦਾ ਰੋਲ ਅਦਾ ਕਰ ਰਿਹਾ ਹੈ।

ਇਨ੍ਹਾਂ ਦੇ ਕਹਿਣ ਅਨੁਸਾਰ ਇਪਾਨਾ ਉਤਰੀ ਅਮਰੀਕਾ ਵਿਚ ਦੇ 'ਦੇਸ਼ ਭਗਤਾਂ' ਦੀ ਜੱਥੇਬੰਦੀ ਹੈ। ਕਹਿਣ ਨਾਲ ਕੋਈ ਜਥੇਬੰਦੀ ਦੇਸ਼ ਭਗਤਾਂ ਦੀ ਨਹੀਂ ਬਣ ਜਾਂਦੀ, ਸਗੋਂ ਉਸ ਦਾ ਕਿਰਦਾਰ ਸਿਧ ਕਰਦਾ ਹੈ ਕਿ ਉਹ ਦੇਸ਼ ਭਗਤ ਹੈ ਜਾਂ ਸਾਮਰਾਜੀ ਏਜੰਟ। ਏਥੇ ਹੋਰ ਵੀ ਕਈ ਆਪਣੇ ਆਪ ਨੂੰ ਦੇਸ਼ ਭਗਤਾਂ ਦੇ ਵਾਰਸ ਹੋਣ ਦਾ ਢੰਡੋਰਾ ਪਿਟਦੇ ਰਹੇ ਹਨ, ਪਰ ਉਨ੍ਹਾਂ ਦੇ ਕਿਰਦਾਰ ਨੂੰ, ਕੈਨੇਡਾ ਵਿਚ ਰਹਿੰਦੇ ਭਾਰਤੀ ਲੋਕਾਂ ਨੇ ਛੇਤੀ ਹੀ ਤਾੜ ਲਿਆ ਕਿ ਇਹ ਅਮਰੀਕੀ ਸਾਮਰਾਜ ਦੇ ਏਜੰਟ ਹਨ।

ਇਪਾਨਾ ਵਾਲਿਆਂ ਦੇ ਇਸ ਦੋ ਦਿਨਾਂ ਪਰਪੰਚ ਦਾ ਮੁਖ ਮਹਿਮਾਨ 'ਮੁਸਲਿਮ ਇੰਡੀਆ' ਨਾਂ ਦੇ ਫਿਰਕੂ ਅਖਬਾਰ ਦਾ ਸੰਪਾਦਕ ਅਤੇ ਪਬਲਿਸ਼ਰ ਸਈਯਦ ਸ਼ਹਾਬੁਦੀਨ ਹੋਵੇਗਾ।

ਸਭ ਜਾਣਦੇ ਹਨ ਕਿ ਭਾਰਤ ਇਕ ਅਜਿਹਾ ਦੇਸ਼ ਹੈ ਜਿਥੇ ਹਿੰਦੂ, ਸਿੱਖ, ਮੁਸਲਮ, ਈਸਾਈ ਆਦਿ ਧਰਮਾਂ ਨੂੰ ਮੰਨਣ ਵਾਲੇ ਲੋਕ ਰਹਿੰਦੇ ਹਨ ਅਤੇ ਕਿਸੇ ਵੀ ਧਰਮ ਨੂੰ ਮੰਨਣ ਵਾਲੇ ਵੀ ਅਨੇਕਾਂ ਲੋਕਾਂ ਦੀ ਗਿਣਤੀ ਹੈ। ਹਿੰਦੂਆਂ ਦੀ ਆਬਾਦੀ ਲਗਪਗ 80 ਫੀਸਦੀ ਹੈ, ਮੁਸਲਮ — 11 ਫੀਸਦੀ, ਈਸਾਈ 3 ਫੀਸਦੀ, ਸਿੱਖ 1.9 ਫੀਸਦੀ ਅਤੇ ਬਾਕੀ ਹੋਰਨਾਂ ਧਰਮਾਂ ਨੂੰ ਮੰਨਣ ਵਾਲੇ ਤੇ ਨਾ


ਵੈਨਕੂਵਰ ਵਿਚ ਭਾਰਤੀਆਂ ਦਾ ਫਰਨੀਚਰ ਸਟੋਰ

ਰੌਇਲ ਫਰਨੀਚਰ ਲਿਮ:

ROYAL

ਟੌਪ ਕੁਆਲਿਟੀ ਦਾ ਫਰਨੀਚਰ ਤੇ ਵਾਜਿਬ ਕੀਮਤਾਂ

2607 ਮੇਨ ਸਟਰੀਟ, ਵੈਨਕੂਵਰ, ਬੀ. ਸੀ.

Ph. 874-9525

● ਲਿਵਿੰਗ ਰੂਮ ● ਡਾਇਨਿੰਗ ਰੂਮ

● ਬੈਡ ਰੂਮ ਅਤੇ

ਹਰ ਕਿਸਮ ਦਾ ਫਰਨੀਚਰ ਸਾਥੋਂ ਖ੍ਰੀਦੋ

FURNITURE



PAUL TOOR

ਮੰਨਣ ਵਾਲੇ ਲੋਕ ਹਨ। ਇਹ ਕੁਦਰਤੀ ਹੈ ਕਿ ਹਰ ਕੌਮੀ ਪਾਰਟੀ ਵਿਚ ਹਿੰਦੂ ਬਹੁਤੇ ਹੋਣ। ਏਸੇ ਤਰ੍ਹਾਂ ਹੀ ਕਾਂਗਰਸ ਵਿਚ ਵੀ ਹੋਰਨਾਂ ਧਰਮਾਂ ਦੇ ਲੋਕਾਂ ਨਾਲ ਹਿੰਦੂ ਬਹੁਤੇ ਹਨ। ਸਾਨੂੰ ਇਸ ਗੱਲ ਨਾਲ ਕੋਈ ਮਤਲਬ ਨਹੀਂ ਕਿ ਕਿਹੜੀ ਪਾਰਟੀ ਵਿਚ ਕਿਹੜੇ ਧਰਮ ਦੇ ਲੋਕ ਹਨ, ਕਿਉਂਕਿ ਅਸੀਂ ਧਰਮ ਅਤੇ ਰਾਜਨੀਤੀ ਨੂੰ ਵੱਖੋ ਵੱਖ ਰੱਖਣ ਦੇ ਜਮਹੂਰੀ ਅਸੂਲ ਦੇ ਅਲੰਬਰਦਾਰ ਹਾਂ। ਕਾਂਗਰਸ ਦੇ ਹਾਕਮ ਬਣਨ ਦਾ ਕਦਾਚਿਤ ਇਹ ਅਰਥ ਨਹੀਂ ਕਿ ਭਾਰਤ ਵਿਚ ਹਿੰਦੂਆਂ ਦਾ ਰਾਜ ਹੈ, ਜਿਵੇਂ ਕਿ ਵੱਖਵਾਦੀ, ਫਿਰਕੂ ਟੋਲਿਆਂ ਸਮੇਤ ਇਪਾਨਾ ਦੇ ਆਗੂ ਮੰਨਦੇ ਹਨ। ਕਹਿਣ ਨੂੰ ਇਪਾਨਾ ਵਾਲੇ ਆਪਣੇ ਆਪ ਨੂੰ ਮਾਰਕਸਵਾਦੀ-ਲੈਨਿਨਵਾਦੀ ਕਹਾਉਂਦੇ ਹਨ। ਸਾਮਰਾਜੀ ਏਜੰਟੀ ਦਾ ਫਰਜ਼ ਨਿਭਾਉਂਦਿਆਂ, ਉਹ ਇਹ ਕਹਿਣ ਤੋਂ ਇਨਕਾਰੀ ਹਨ ਕਿ ਭਾਰਤ ਵਿਚ ਵੱਡੀ ਸਰਮਾਏਦਾਰੀ ਦੀ ਅਗਵਾਈ ਵਿਚ ਸਰਮਾਏਦਾਰਾਂ-ਜਾਗੀਰਦਾਰਾਂ ਦਾ ਰਾਜ ਹੈ। ਸਰਮਾਏਦਾਰਾਂ ਜਿੰਨਾਂ ਸਾਮਰਾਜੀ ਬਹੁ-ਕੌਮੀ ਕਾਰਪੋਰੇਸ਼ਨਾਂ ਨਾਲ ਸਾਂਝ ਭਿਆਲੀ ਪਾਈ ਹੋਈ ਹੈ। ਇਹ ਆਪਣੇ ਰਾਜ ਨੂੰ ਕਾਇਮ ਰੱਖਣ ਲਈ ਫਿਰਕੂ ਪਾਰਟੀਆਂ ਨੂੰ ਅਤੇ ਗਰੁੱਪਾਂ ਨੂੰ ਸ਼ਹਿ ਦੇ ਕੇ, ਇਕ ਦੂਜੇ ਨੂੰ ਲੜਾਉਂਦੇ ਹਨ, ਲੋਕਾਂ ਨੂੰ ਆਪਸ ਵਿਚ ਪਾੜਦੇ ਹਨ। ਮਗੌਂ ਇਕੋ ਧਰਮ ਦੇ ਲੋਕਾਂ ਨੂੰ ਵੀ ਆਪਸ ਵਿਚ ਪਾੜ ਕੇ ਆਪਣਾ ਰਾਜ ਕਾਇਮ ਰੱਖਣਾ ਚਾਹੁੰਦੇ ਹਨ। ਪੰਜਾਬ ਇਸ ਦੀ ਬੜੀ ਸਪਸ਼ਟ ਉਦਾਹਰਣ ਹੈ। ਆਯੁਧਿਆ ਦੀ ਬਾਬਰੀ ਮਸਜਦ/ਰਾਮ ਜਨਮ ਭੂਮੀ ਦਾ ਝਗੜਾ ਬੜੀ ਸਪਸ਼ਟ ਮਿਸਾਲ ਹੈ। ਮੁਸਲਮ ਔਰਤਾਂ ਦੇ ਹੱਕਾਂ ਨੂੰ ਕੁਚਲਣ ਵਾਲਾ ਕਾਨੂੰਨ ਬਣਾਉਣਾ, ਮੁਸਲਮ ਫਿਰਕਾਪ੍ਰਸਤਾਂ ਨੂੰ ਮਜ਼ਬੂਤ ਕਰਨਾ ਨਹੀਂ ਤਾਂ ਹੋਰ ਕੀ ਹੈ? ਕੀ ਇਹ ਕੁਝ ਇਪਾਨਾ ਦੀ 'ਮਾਰਕਸੀ' ਅੱਖ ਨੂੰ ਨਜ਼ਰ ਨਹੀਂ ਆ ਰਿਹਾ? ਨਜ਼ਰ ਆਵੇ ਵੀ ਕਿਵੇਂ ਜਦੋਂ ਅੱਖਾਂ ਉਪਰ ਸਾਮਰਾਜ ਭਗਤੀ ਦੀ ਅੰਨ੍ਹੀ ਪੱਟੀ ਬੱਧੀ ਹੋਈ ਹੈ।

ਕਾਂਗਰਸ ਹਕੂਮਤ ਨੂੰ ਹਿੰਦੂਆਂ ਦੀ ਹਕੂਮਤ ਕਹਿਣ ਵਾਲੇ ਕੀ ਗਿਆਨੀ ਜ਼ੈਲ ਸਿੰਘ, ਬੂਟਾ ਸਿੰਘ, ਗੁਰਦਿਆਲ ਸਿੰਘ ਢਿੱਲੋਂ, ਸਪੀਕਰ ਹੁਕਮ ਸਿੰਘ, ਪ੍ਰਤਾਪ ਸਿੰਘ ਕੈਰੋਂ, ਗਿਆਨੀ ਗੁਰਮੁਖ ਸਿੰਘ ਮੁਸਾਫਰ, ਦਰਬਾਰਾ ਸਿੰਘ ਆਦਿ ਨੂੰ ਹਿੰਦੂ ਕਹਿਣਗੇ? ਡਾ: ਜ਼ਾਕਰ ਹੁਸੈਨ, ਫਖਰੋਦੀਨ ਅਲੀ ਅਹਿਮਦ, ਹਦਾਇਤ ਉਲਾ, ਮੁਲਾਨਾ ਆਜ਼ਾਦ, ਰਫੀਅ ਅਹਿਮਦ ਕੁਦਵਾਈ, ਚੌਧਰੀ ਗ਼ਨੀ ਖਾਂ, ਆਰਫ ਮੁਹੰਮਦ ਖਾਂ, ਖੁਰਸ਼ੀਦ ਅਹਿਮਦ ਆਦਿ ਨੂੰ ਹਿੰਦੂ ਕਹਿਣਗੇ? ਜੇਕਰ ਇਨ੍ਹਾਂ ਲੋਕਾਂ ਦੀ ਪਾਰਟੀ ਕਾਂਗਰਸ ਹੈ ਤਾਂ ਇਸ ਦਾ ਭਾਵ ਇਹ ਨਹੀਂ ਕਿ ਇਹ ਹਿੰਦੂ ਧਰਮ ਵਿਚ ਤਬਦੀਲ ਹੋ ਗਏ ਹਨ। ਕੋਈ ਸਿੱਖ-ਫਿਰਕਾਪ੍ਰਸਤ ਜਾਂ ਮੁਸਲਮ ਫਿਰਕਾਪ੍ਰਸਤ ਪਾਰਟੀ ਜਾਂ ਆਗੂ, ਆਪਣੇ ਧਰਮ ਵਿਚੋਂ ਲੋਕਾਂ ਨੂੰ ਪਿਛੇ ਲਾਉਣ ਲਈ ਤਾਂ ਅਜਿਹਾ ਪਰਚਾਰ ਕਰ ਸਕਦੇ ਹਨ, ਪਰ ਇਪਾਨਾ ਦੇ 'ਇਨਕਲਾਬੀ-ਕਮਿਊਨਿਸਟ' ਤਾਂ 'ਹਿੰਦੂ ਰਾਜ'' ਦੀ ਗੱਲ ਸਿਰਫ ਸਾਮਰਾਜੀ ਸਾਜ਼ਸ਼ ਦੇ ਭਾਈਵਾਲ ਹੋਣ ਦੇ ਨਾਤੇ ਹੀ ਕਰ ਸਕਦੇ ਹਨ। ਇਸ ਸਚਾਈ ਤੋਂ ਵੀ ਕੋਈ ਇਨਕਾਰ ਨਹੀਂ ਕਰ ਸਕਦਾ ਕਿ ਕਾਂਗਰਸ ਵਿਚ ਫਿਰਕੂ ਲੋਕ ਵੀ ਹਨ ਅਤੇ ਅਨੇਕਾਂ ਧਰਮ ਨਿਰਪੱਖ ਹਿੰਦੂ, ਸਿੱਖ, ਮੁਸਲਮ ਆਦਿ ਧਰਮਾਂ ਦੇ ਲੋਕ ਵੀ ਰਹੇ ਹਨ ਅਤੇ ਹਨ।

ਅਮਰੀਕੀ ਸਾਮਰਾਜ ਵੱਖੋ ਵੱਖ ਧਰਮਾਂ ਵਿਚੋਂ ਅਨੇਕਾਂ ਢੰਗਾਂ ਨਾਲ ਬੰਦੇ ਖਰੀਦਦਾ ਹੈ, ਸੀ. ਆਈ. ਏ. ਦਾ ਅਦਾਰਾ ਏਸੇ ਤਰ੍ਹਾਂ ਦੇ ਕੰਮਾਂ ਦਾ ਮਾਹਿਰ ਹੈ। ਸਿੱਖਾਂ ਵਿਚੋਂ ਕੁਝ ਨੂੰ ਖਾਲਿਸਤਾਨ ਦੇ ਨਾਅਰੇ ਹੇਠ, ਮੁਸਲਮਾਨਾਂ ਵਿਚੋਂ 'ਮੁਸਲਮ-ਨੇਸ਼ਨ' ਦੇ ਨਾਅਰੇ ਹੇਠ, ਹਿੰਦੂਆਂ ਵਿਚੋਂ ਰਾਸ਼ਟਰੀ ਸਵੈਮ ਸੇਵਕ ਸੰਘ, ਹਿੰਦੂ ਪ੍ਰੀਸ਼ਦ, ਹਿੰਦੂ ਮਹਾਂ ਸਭਾ ਆਦਿ ਵਲੋਂ 'ਹਿੰਦੂ ਰਾਸ਼ਟਰ' ਦੇ ਨਾਅਰੇ ਹੇਠ ਫਿਰਕੂ ਖ਼ੂਨੀ ਫਸਾਦ ਪਿਛਲੇ ਚਾਲੀ ਸਾਲਾਂ ਤੋਂ ਕਰਵਾਏ ਜਾ ਰਹੇ ਹਨ। ਇਨ੍ਹਾਂ ਫਸਾਦਾਂ ਨੂੰ ਸ਼ਹਿ ਦੇਣ ਵਿਚ, ਹਾਕਮ ਪਾਰਟੀ ਤੇ ਉਸ ਦੇ ਏਜੰਟ ਆਪਣੀ ਵੋਟਾਂ ਪ੍ਰਾਪਤ ਕਰਨ ਦੀ ਗੰਦੀ-ਰਾਜਨੀਤੀ ਵਿਚ ਵੀ ਪਿਛੇ ਨਹੀਂ ਰਹਿੰਦੇ। 1984 ਦੇ ਸਿੱਖਾਂ ਦੇ ਕਤਲੇਆਮ ਦੀ ਮਿਸਾਲ ਦਿਨ ਵਾਂਗ ਉਜਾਗਰ ਹੈ। ਜਦੋਂ ਕਿ ਇਨ੍ਹਾਂ ਏਰੀਆਂ ਵਿਚ ਆਮ ਹਿੰਦੂਆਂ ਨੇ ਸਿੱਖਾਂ ਨੂੰ ਪਨਾਹ ਦਿੱਤੀ। ਏਸੇ ਗੱਲ ਨੂੰ ਅਸੀਂ ਇਨ੍ਹਾਂ ਸ਼ਬਦਾਂ ਵਿਚ ਵੀ ਕਹਿ ਸਕਦੇ ਹਾਂ ਕਿ ਭਾਰਤ ਦੀ ਹਾਕਮ ਕਾਂਗਰਸ ਅਤੇ ਫਿਰਕੂ-ਪਾਰਟੀਆਂ, ਭਾਰਤ ਦੀ ਸਰਮਾਏਦਾਰੀ ਅਤੇ ਜਾਗੀਰਦਾਰੀ ਦੇ ਰਾਜ ਨੂੰ ਪੱਕਾ ਰੱਖਣ ਲਈ, ਵੱਖੋ ਵੱਖ ਧਰਮਾਂ ਦੇ ਲੋਕਾਂ ਨੂੰ ਆਪਸ ਵਿਚ ਲੜਾਉਂਦੀਆਂ ਹਨ। ਜਿਥੇ ਫਿਰਕੂ ਲਹਿਰਾਂ ਵੱਖਵਾਦੀ ਲੀਹਾਂ ਉਪਰ ਪੈ ਜਾਂਦੀਆਂ ਹਨ, ਓਥੇ ਇਨ੍ਹਾਂ ਫਿਰਕੂ ਫਸਾਦਾਂ ਦੀ ਬਾਗਡੋਰ ਸਾਮਰਾਜੀਆਂ ਦੇ ਏਜੰਟ ਸੰਭਾਲ ਲੈਂਦੇ ਹਨ।

ਇਹ ਕਿਸ ਤੋਂ ਲੁਕਿਆ ਹੈ ਕਿ ਅਮਰੀਕਾ ਪਿਠੂ ਪਾਕਿਸਤਾਨ ਦਾ ਡਿਕਟੇਟਰ ਖਾਲਿਸਤਾਨ ਦੀ ਮੁਹਿਮ ਦਾ ਸ਼ੁਭਚਿੰਤਕ ਅਤੇ ਸਹਾਇਕ ਹੈ। ਇਹ ਕਿਸ ਤੋਂ ਭੁਲਿਆ ਹੈ ਕਿ ਮੁਸਲਮ ਫਿਰਕਾਪ੍ਰਸਤਾਂ ਦੀ ਪਾਰਟੀ ਜਮਾਇਤੇ ਇਸਲਾਮੀ ਨੂੰ ਅਮਰੀਕੀ ਪਿਠੂ ਸਾਊਦੀ ਅਰਬ ਦੀ ਬਾਦਸ਼ਾਹਤ ਵਲੋਂ ਕਰੋੜਾਂ-ਅਰਬਾਂ ਰੁਪਿਆਂ ਦੀ ਸਹਾਇਤਾ 'ਮੁਸਲਮ ਨੇਸ਼ਨ' ਦੇ ਵੱਖਵਾਦੀ ਪਰਚਾਰ ਲਈ ਭਾਰਤ ਵਿਚ ਭੇਜੀ ਜਾ ਰਹੀ ਹੈ। ਹਿੰਦੂ ਫਿਰਕਾਪ੍ਰਸਤ ਤਾਂ ਅੰਗਰੇਜ਼ਾਂ ਦੇ ਭਾਰਤ ਛੱਡਣ ਤੋਂ ਝੱਟ ਮਗਰੋਂ ਹੀ ਅਮਰੀਕਾ ਦੀ ਥੈਲੀ ਥੋਲਣ ਲਗ ਪਏ ਸਨ। ਜੋ ਪਹਿਲਾਂ ਜਨ-ਸੰਘ ਅਤੇ ਹੁਣ ਮੁਖ ਤੌਰ ਉਤੇ ਭਾਰਤੀ ਜਨਤਾ ਪਾਰਟੀ ਦੇ ਨਾਂ ਹੇਠ ਸਰਗਰਮ ਹਨ।

ਇਪਾਨਾ ਦੇ ਬਨਾਉਟੀ ਦੇਸ਼ ਭਗਤਾਂ ਕਦੀ ਸਾਮਰਾਜੀ ਸਹਾਇਤਾ ਉਪਰ ਚੱਲਦੀਆਂ ਵੱਖਵਾਦੀ ਲਹਿਰਾਂ ਦੇ ਵਿਰੁਧ ਇਕ ਸ਼ਬਦ ਕਿਹਾ ਹੈ? ਕਦੀ ਇਨ੍ਹਾਂ ਅਮਰੀਕੀ ਸਾਮਰਾਜ ਦਾ ਵਿਰੋਧ ਕੀਤਾ ਹੈ ਕਿ ਉਹ ਦੁਨੀਆਂ ਭਰ ਵਿਚ ਫੌਜੀ ਰਾਜਪਲਟਿਆਂ ਦੀਆਂ ਸਾਜ਼ਸ਼ਾਂ ਦੀ ਸਰਪ੍ਰਸਤੀ ਕਰਦਾ ਹੈ ਤੇ ਡਿਕਟੇਟਰ ਜਮਹੂਰੀਅਤ, ਮਨੁੱਖੀ ਅਧਿਕਾਰਾਂ ਅਤੇ ਜਬਰ ਦੇ ਪੁੜਾਂ ਵਿਚ ਲੋਕਾਂ ਨੂੰ ਪੀਸਦੇ ਹਨ? ਇਨ੍ਹਾਂ ਕਦੀ ਵੀ ਸੋਵੀਅਤ ਯੂਨੀਅਨ ਦੀ ਭਾਰਤ ਦੇ ਲੋਕਾਂ ਨਾਲ ਪੌਣੀ ਸਦੀ ਪੁਰਾਣੀ ਮਿਤਰਤਾ ਉਪਰ ਵਾਰ ਕਰਨ ਦਾ ਮੌਕਾ ਹੱਥੋਂ ਨਹੀਂ ਜਾਣ ਦਿੱਤਾ। ਇਨ੍ਹਾਂ ਦਾ ਸੀ. ਪੀ. ਆਈ. (ਮਾਰਕਸੀ) ਵਿਰੁਧ ਦੁਸ਼ਮਣੀ ਵਿਚ ਕੋਈ ਸਾਨੀ ਨਹੀਂ, ਜੋ ਇਨ੍ਹਾਂ ਦੇ ਸਾਰੇ ਨਕਸਲੀ ਗਰੁੱਪਾਂ ਦੇ ਲੋਕ ਵਿਰੋਧੀ ਰੋਲ ਨੂੰ ਨੰਗਿਆਂ ਕਰਦੀ ਹੈ, ਜੋ ਅਮਰੀਕੀ ਸਾਮਰਾਜ ਦੀ ਭਾਰਤ ਦੇ ਟੁਕੜੇ ਕਰਨ ਦੀ ਸਾਜ਼ਸ਼ ਨੂੰ

**Garrison Beatty & Godoy Insurance**

GENl **Agencies Ltd.**

**ਕਾਰਾਂ, ਵੈਨਾਂ, ਟਰੱਕਾਂ**
**ਜਾਂ ਹੋਰ ਹਰ ਤਰ੍ਹਾਂ ਦੀ ਇਨਸ਼ੋਰੈਂਸ**
**ਕਰਾਉਣ ਲਈ ਸਾਡੇ ਪਾਸ ਦਰਸ਼ਨ ਦਿਓ**



BALDEV SANGRA

**6435 - Victoria Dr., Vancouver, B.C. V5P 3X5**

**Ph. 321-6557**

ਨੰਗਿਆਂ ਕਰਨ ਵਿਚ ਮੂਹਰਲੀ ਕਤਾਰ ਵਿਚ ਆਗੂ ਦਾ ਰੋਲ ਅਦਾ ਕਰ ਰਹੀ ਪਾਰਟੀ ਹੈ ।

ਇਪਾਨਾ ਵਲੋਂ ਇਸ ਸਾਲ ਦੇ ਮੁੱਢਲੇ ਮਹੀਨਿਆਂ ਵਿਚ ਭਾਰਤ ਦੇ ਇਕ ਬੁੱਧੀਜੀਵੀ ਰਜਨੀ ਕੁਠਾਰੀ ਨੂੰ ਵੈਨਕੂਵਰ ਸੱਦਿਆ ਗਿਆ ਸੀ, ਉਸ ਨੇ ਕਿਹਾ ਸੀ ਕਿ ਭਾਰਤ ਦੀ ਏਕਤਾ ਅਤੇ ਅਖੰਡਤਾ ਨੂੰ ਕੋਈ ਖਤਰਾ ਨਹੀਂ ਹੈ, ਇਹ ਸਿਰਫ ਪ੍ਰਾਪੇਗੰਡਾ ਹੈ । ਸ਼ਾਇਦ ਸ੍ਰੀ ਰਜਨੀ ਕੁਠਾਰੀ ਦੀ ਫੇਰੀ ਇਸ ਅਕਤੂਬਰ-ਪਰਪੰਚ ਲਈ ਆਧਾਰ ਤਿਆਰ ਕਰਨ ਲਈ ਸੀ । ਰਜਨੀ ਕੁਠਾਰੀ ਨੂੰ ਏਥੇ ਵੱਖਵਾਦੀਆਂ ਵੀ ਹੱਥਾਂ ਉਤੇ ਚੁਕਿਆ ।

ਇਪਾਨਾ ਅਫਗਾਨਿਸਤਾਨ ਦੇ ਇਨਕਲਾਬ ਨੂੰ ਉਲਟਾਉਣ ਵਾਲੇ ਭਗੌੜੇ ਅਫਗਾਨ ਜਾਗੀਰਦਾਰਾਂ ਤੇ ਜ਼ਮੀਨ ਮਾਲਕ ਮੌਲਵੀਆਂ ਦਾ ਪੂਰਾ ਸਮਰਥਨ ਕਰਦੀ ਹੈ, ਜਿੰਨ੍ਹਾਂ ਨੂੰ ਪਾਕਿਸਤਾਨ ਵਿਚ ਅਮਰੀਕੀ ਹਥਿਆਰ ਅਤੇ ਟਰੇਨਿੰਗ ਪ੍ਰਾਪਤ ਹੁੰਦੀ ਹੈ । ਕੰਬੋਡੀਆ ਦੇ ਇਨਕਲਾਬ ਨੂੰ ਉਲਟਾਉਣ ਲਈ ਅਮਰੀਕੀ ਸਹਾਇਤਾ ਨਾਲ ਥਾਈਲੈਂਡ ਵਿਚੋਂ ਹਾਰ ਕਿਨਾਰੇ ਪਹੁੰਚੀ ਲੜਾਈ ਦੇ ਆਗੂ ਕਾਤਲ ਪੋਲਪੋਟ ਦਾ ਇਪਾਨਾ ਪੱਬਾਂ ਭਾਰ ਹੋਕੇ ਸਮਰਥਨ ਕਰਦੀ ਹੈ,
ਜਿਸ ਨੇ ਆਪਣੇ ਤਿੰਨ ਸਾਲਾਂ ਦੇ ਰਾਜ ਵਿਚ 30 ਲੱਖ ਕੰਬੋਡੀਆਈ ਲੋਕਾਂ ਨੂੰ ਮੌਤ ਦੇ ਘਾਟ ਉਤਾਰ ਦਿੱਤਾ ਸੀ । ਇਹ ਕੇਵਲ ਭਾਰਤ ਦੀ ਲੋਕ-ਜਮਹੂਰੀ ਖੱਬੀ ਲਹਿਰ ਨੂੰ ਕੰਮਜ਼ੋਰ ਕਰਨ ਲਈ ਹੀ ਨਹੀਂ ਹੈ ਸਗੋਂ ਇਪਾਨਾ ਅਮਰੀਕੀ ਸਾਮਰਾਜ ਦੀ ਸੰਸਾਰ ਭਰ ਦੇ ਹਰ ਉਲਟ ਇਨਕਲਾਬ ਦੀ ਪਾਲਸੀ ਅਤੇ ਕਮਿਉਨਿਸਟ ਵਿਰੋਧ ਦੀ ਪਾਲਸੀ ਦਾ ਸਮਰਥਨ 'ਦੇਸ਼ ਭਗਤ' ਅਤੇ 'ਇਨਕਲਾਬੀ ਕਮਿਊਨਿਸਟ' ਬਣ ਕੇ ਗਜ ਵੱਜ ਕੇ ਕਰ ਰਹੀ ਹੈ ।

ਇਪਾਨਾ ਵਲੋਂ 11 ਸਤੰਬਰ ਦੇ ਕੈਨੇਡਾ ਦਰਪਣ ਵਿਚ ਜੋ ਪ੍ਰੈਸ ਰੀਲੀਜ਼ ਦਿਤੀ ਹੈ, ਉਸ ਵਿਚ ਪਿਛਲੇ ਸਾਲਾਂ ਵਿਚ ਭਾਰਤ ਵਿਚ ਹੋਏ ਫਿਰਕੂ ਦੰਗਿਆਂ ਦਾ ਜ਼ਿਕਰ ਹੈ, ਇਸ ਵਿਚ ਕਿਧਰੇ ਵੀ ਸਾਮਰਾਜੀ ਸ਼ਹਿ ਪ੍ਰਾਪਤ ਵੱਖਵਾਦੀ-ਫਿਰਕੂ ਟੋਲਿਆਂ ਦੀ ਦਹਿਸ਼ਤਗਰਦੀ, ਬੇਗੁਨਾਹਾਂ ਦੇ ਕਤਲਾਂ ਆਦਿ ਦਾ ਜ਼ਿਕਰ ਤੱਕ ਨਹੀਂ ਹੈ । ਜਮਹੂਰੀਅਤ ਪਸੰਦੀ, ਧਰਮ ਨਿਰਪੱਖਤਾ, ਦੇਸ਼ ਭਗਤੀ ਆਦਿ ਸ਼ਬਦਾਂ ਦਾ ਜ਼ਿਕਰ ਆਪਣੇ ਸਾਮਰਾਜੀ ਏਜੰਟੀ ਦੇ ਪਰਪੰਚ ਉਪਰ ਪਰਦਾ ਪਾਉਣ ਲਈ ਕੀਤਾ ਗਿਆ ਹੈ । ਦਿੱਲੀ ਦੇ ਕਤਲੇਆਮ ਦਾ ਜ਼ਿਕਰ, ਇਪਾਨਾ ਲਈ ਸਿੱਖ ਹਮਦਰਦੀਆਂ ਜਿੱਤਣ ਦੇ ਇਕ ਘਟੀਆ ਯਤਨ ਤੋਂ ਬਿਨਾਂ ਕੁਝ ਵੀ ਨਹੀਂ ਹੈ।

ਗ਼ਦਰੀ ਬਾਬੇ, ਜੋ ਭਾਰਤ ਦੀ ਏਕਤਾ-ਅਖੰਡਤਾ ਅਤੇ ਸਮਾਜਵਾਦ ਲਈ, ਸਾਮਰਾਜਵਾਦ ਵਿਰੁਧ ਉਤਰੀ ਅਮਰੀਕਾ ਦੀ ਧਰਤੀ ਉਤੋਂ ਲੜੇ ਸਨ, ਓਸੇ ਧਰਤੀ ਨੂੰ ਅੱਜ ਭਾਰਤ ਦੇ ਟੁਕੜੇ ਟੁਕੜੇ ਕਰਨ ਵਾਲੀਆਂ ਮੁਹਿੰਮਾਂ ਦੇ ਸਮਰਥਨ ਲਈ ਇਪਾਨਾ ਵਲੋਂ ਵਰਤਿਆ ਜਾ ਰਿਹਾ ਹੈ । ਇਪਾਨਾ ਦੀ ਸਾਮਰਾਜ ਦੀ ਏਜੰਟੀ ਦਾ ਰੋਲ ਇਤਿਹਾਸ ਵਿਚ ਕਾਲੇ ਅੱਖਰਾਂ ਵਿਚ ਲਿਖਿਆ ਜਾਵੇਗਾ ।

ਅਸੀਂ ਇਹ ਗੱਲ ਸਮਝ ਸਕਦੇ ਸੀ ਕਿ ਇਪਾਨਾ ਵਲੋਂ ਭਾਰਤ ਦੇ ਪ੍ਰਧਾਨ ਮੰਤਰੀ ਰਾਜੀਵ ਗਾਂਧੀ ਵਿਰੁਧ, ਉਸ ਦੀ ਲੋਕ-ਵਿਰੋਧੀ ਹਕੂਮਤ ਦੇ ਖ਼ਿਲਾਫ ਕੋਈ ਮੁਜ਼ਾਹਰਾ, ਮੀਟਿੰਗ ਜਾਂ ਕਾਨਫਰੰਸ ਕੀਤੀ ਜਾਂਦੀ, ਜਿਸ ਵਿਚ ਘੱਟ ਗਿਣਤੀਆਂ ਦੀ ਰਾਖੀ ਅਤੇ ਸੂਬਿਆਂ ਨੂੰ ਵੱਧ ਅਧਿਕਾਰਾਂ ਦੀ ਗੱਲ ਹੁੰਦੀ । ਪਰ ਜਦੋਂ ਇਪਾਨਾ, ਭਾਰਤ ਦੇ ਟੁਕੜੇ ਕਰਨ ਵਾਲਿਆਂ ਅਤੇ ਫਿਰਕੂ ਟੋਲਿਆਂ ਦੇ ਨਾਲ ਮਿਲ ਕੇ, ਉਨ੍ਹਾਂ ਨੂੰ ਯੂਰਪ ਅਤੇ ਉਤਰੀ ਅਮਰੀਕਾ ਤੋਂ ਇਕੱਠੇ ਕਰਕੇ ਕਾਮਨਵੈਲਥ ਕਾਨਫਰੰਸ ਦੇ 'ਮੁਕਾਬਲੇ ਵਿਚ' ਇਹ ਪਰਪੰਚ ਰਚਾ ਰਹੀ ਹੈ ਤਾਂ ਇਸ ਨੂੰ ਭਾਰਤ ਵਿਰੁਧ ਸਾਮਰਾਜੀ ਸਾਜ਼ਸ਼ ਨਾਲ ਸਹਿਯੋਗੀ ਹੀ ਕਿਹਾ ਜਾ ਸਕਦਾ ਹੈ ।

ਕੈਨੇਡਾ ਵਿਚ ਵਸਦੇ ਭਾਰਤੀਆਂ ਨੂੰ ਇਪਾਨਾ ਵਲੋਂ ਕੀਤੇ ਜਾ ਰਹੇ 'ਅਕਤੂਬਰ-ਪਰਪੰਚ' ਨੂੰ ਬੜੀ ਗੰਭੀਰਤਾ ਨਾਲ ਲੈਣਾ ਚਾਹੀਦਾ ਹੈ । ਇਹ ਸਾਡੇ ਦੇਸ਼ ਦੇ ਸੁਤੰਤਰਤਾ ਸੰਗਰਾਮੀਆਂ, ਸ਼ਹੀਦਾਂ ਅਤੇ ਮਜ਼ਦੂਰਾਂ-ਕਿਸਾਨਾਂ ਦੀ ਲੋਕ-ਜਮਹੂਰੀ ਲਹਿਰ ਦੇ ਸੁਪਨਿਆਂ ਅਤੇ ਉਦੇਸ਼ਾਂ ਨੂੰ ਖੇਰੂੰ ਖੇਰੂੰ ਕਰਨ ਲਈ ਕੀਤਾ ਜਾ ਰਿਹਾ ਹੈ । ਇਹ ਭਾਰਤ ਵਿਚ ਧਰਮ ਨਿਰਪੱਖ ਲਹਿਰ ਨੂੰ ਕਮਜ਼ੋਰ ਕਰਨ ਵਾਲਿਆਂ ਦੇ ਸਮਰਥਨ ਵਿਚ ਇਪਾਨਾ ਵਲੋਂ ਕੀਤਾ ਜਾ ਰਿਹਾ ਇਕ ਅਪਰਾਧ ਹੈ । ਇਹ ਭਾਰਤ ਦੇ ਮਜ਼ਦੂਰਾਂ, ਕਿਸਾਨਾਂ, ਇਸਤਰੀਆਂ, ਮੁਲਾਜ਼ਮਾਂ, ਨੌਜੁਆਨਾਂ, ਵਿਦਿਆਰਥੀਆਂ ਆਦਿ ਦੇ ਉਸਰ ਰਹੇ ਏਕੇ ਨੂੰ ਤੋੜਨ ਲਈ ਕੀਤਾ ਜਾ ਰਿਹਾ ਹੈ

ਇਹ ਅਕਤੂਬਰ-ਪਰਪੰਚ ਇਪਾਨਾ ਵਾਲੇ ਕਾਮਨਵੈਲਥ ਦੇਸ਼ਾਂ ਦੀ ਕਾਨਫਰੰਸ ਦੇ ਮੌਕੇ ਤੇ ਇਸ ਲਈ ਕਰ ਰਹੇ ਹਨ ਕਿ ਸਾਮਰਾਜੀ ਨੀਤੀਆਂ ਦਾ ਪਰਚਾਰਕ ਪੱਛਮੀ ਮੀਡੀਆ, ਜੋ ਬਹੁਕੌਮੀ ਕਾਰਪੋਰੇਸ਼ਨਾਂ ਦੀ ਮਲਕੀਅਤ ਹੈ, ਇਨ੍ਹਾਂ ਨੂੰ ਵਖੱਵਾਦੀ ਲਹਿਰਾਂ ਅਤੇ ਫਿਰਕੂ ਟੋਲਿਆਂ ਨੂੰ, ਧਾਰਮਿਕ ਅਦਾਰਿਆਂ ਵਜੋਂ, ਜਮਹੂਰੀ ਰੂਪ ਵਿਚ ਦਰਸਾ ਕੇ, ਭਰਵੀਂ ਪਬਲਿਸਟੀ ਦੇ ਸਕੇ । ਨਿਸਚੇ ਹੀ ਪੱਛਮੀ ਮੀਡੀਆ ਆਪਣੇ ਹਿੱਤਾਂ ਦੀ ਪੂਰਤੀ ਵਾਲੇ ਇਸ ਦੋ ਦਿਨਾਂ ਪਰਪੰਚ ਨੂੰ ਉਛਾਲੇਗਾ । ਕਾਮਨਵੈਲਥ ਦੇਸ਼ਾਂ ਦੇ ਏਜੰਡੇ ਉਪਰ ਦੱਖਣੀ ਅਮਰੀਕਾ ਦੇ ਨਸਲੀ ਭੇਦ ਵਾਲੇ ਪ੍ਰਬੰਧ ਵਿਰੁਧ ਉਠਣ ਵਾਲੀ ਆਵਾਜ਼ ਤੋਂ, ਕੈਨੇਡਾ ਵਿਚ ਨਸਲੀ ਵਿਤਕਰਿਆਂ ਦੇ ਸ਼ਿਕਾਰ ਭਾਰਤੀ ਅਤੇ ਹੋਰ ਲੋਕਾਂ ਦਾ ਧਿਆਨ, ਲਾਂਭੇ ਲਿਜਾਣ ਵਿਚ ਇਪਾਨਾ ਦਾ ਇਹ ਪਰਪੰਚ ਕੰਮ ਆਵੇਗਾ ।

ਅੱਜ ਭਾਰਤ ਵਿਚ ਆਰਥਕ ਸੰਕਟ ਪਹਿਲੇ ਸਾਰੇ ਸਮਿਆਂ ਨਾਲੋਂ ਡੂੰਘਾ ਹੈ ਇਹ ਸੰਕਟ ਰਾਜਨੀਤਕ ਸੰਕਟ ਵਿਚ ਤਬਦੀਲ ਹੋ ਰਿਹਾ ਹੈ । ਰਾਜੀਵ-ਸਰਕਾਰ ਅਤੇ ਉਸਦੀ ਪਾਰਟੀ ਏਸੇ ਸੰਕਟ ਦੇ ਕਾਰਨ ਖਿਲਰਨੀ ਸ਼ੁਰੂ ਹੋ ਗਈ ਹੈ । ਅਜਿਹੇ ਮੌਕੇ ਲੋਕਾਂ ਦਾ ਮੁਹਾਣ, ਲੋਕ-ਜਮਹੂਰੀ ਸ਼ਕਤੀਆਂ ਦੀ ਅਗਵਾਈ ਵਿਚ ਪਲਟੇ ਜਾਣ ਨੂੰ ਰੋਕਣ ਲਈ, ਇਪਾਨਾ ਦੇ ਬੁੱਧੀਜੀਵੀ ਸੂਰਮੇ, ਅਤਿ ਦੇ ਫਿਰਕੂ ਟੋਲਿਆਂ ਨਾਲ ਮਿਲਕੇ, ਲੋਕਾਂ ਦੀ ਏਕਤਾ ਨੂੰ ਧਰਮਾਂ ਦੇ ਆਧਾਰ ਉਪਰ ਵੰਡਣ ਦੀ ਸਾਮਰਾਜੀ ਅਤੇ ਕਾਂਗਰਸ ਹਕੂਮਤ ਦੀ ਖੇਡ ਵਿਚ ਸਹਾਇਕ-ਅੰਗ ਸਿੱਧ ਹੋ ਰਹੇ ਹਨ ।

ਭਾਰਤ ਵਿਚ ਹੁਣ ਜਦੋਂ ਕਾਂਗਰਸ ਦੀ ਸਥਿਰਤਾ ਖੁਰਦੀ ਜਾ ਰਹੀ ਹੈ । ਉਥੇ ਕੋਈ ਪੱਕਾ ਬਦਲ ਸਾਹਮਣੇ ਨਹੀਂ ਹੈ, ਲੋਕਾਂ ਦਾ ਮੁਹਾਣ ਖੱਬੀਆਂ ਪਾਰਟੀਆਂ ਵੱਲ ਉਲਰਨ ਦੇ ਰੌਅ ਵਿਚ ਹੈ ਤਾਂ ਸਾਮਰਾਜੀ ਇਸ ਨੂੰ ਸੱਜੇ ਪਾਸੇ ਮੋੜਨ ਦੇ ਸਮਰਥ ਨਹੀਂ ਹਨ । ਉਨ੍ਹਾਂ ਕੋਲ ਸਿਰਫ ਇਕੋ ਇਕ ਰਾਹ ਵੱਖਵਾਦੀ ਸ਼ਕਤੀਆਂ ਨੂੰ ਉਭਾਰਨ ਦਾ ਹੀ ਰਹਿ ਜਾਂਦਾ ਹੈ ਤਾਂ ਜੋ ਲੋਕਾਂ ਵਿਚ ਫੁੱਟ ਪਾਈ ਜਾ ਸਕੇ । ਜੇਕਰ ਉਹ ਇਸ ਵਿਚ ਸਫਲ ਹੋ ਜਾਂਦੇ ਹਨ, ਉਹ ਲੋਕ-ਜਮਹੂਰੀ ਲਹਿਰ ਨੂੰ ਢਾਅ →


# TRU FOODS DISTRIBUTORS LTD.

**Specializing in Health Foods**

■ Vitamins ■ Herbs and all East Indian Foods

PROPRITER **Mander Brothers**

Tele.(604) **584-7011**

10705 — King George Hwy Surrey, B.C. V3T 2X6 ● 10053 — 136 A St. Surrey, B.C. V3T 4G1

# ਰਿਫੀਊਜੀ ਅਤੇ ਬਿੱਲ ਸੀ— 55 ਅਤੇ ਸੀ—84

ਗੁਰਨਾਮ ਸਿੰਘ ਸੰਘੇੜਾ

**ਪਿਛੋਕੜ :—** ਛੱਤੀ ਸਾਲ ਪਹਿਲਾਂ 1951 ਵਿਚ ਜਨੀਵਾ ਵਿਚ ਯੂਨਾਈਟਡ ਨੇਸ਼ਨਜ਼ ਦੀ ਕਨਵੈਨਸ਼ਨ ਨੇ ਰਿਫੀਊਜੀ ਮਸਲੇ, ਉਸ ਦੀ ਵਿਆਖਿਆ ਅਤੇ ਕੁਝ ਰੂਲ ਬਣਾਏ ਜੋ ਅਜ ਭੀ ਬਨਿਆਦ ਹਨ। ਅਤੇ ਉਹਨਾਂ ਨੂੰ ਹੋਰ ਚੰਗੇ ਵਿਸਥਾਰ ਪੂਰਵਕ ਬਣਾਉਣ ਅਤੇ ਨਵੇਂ ਹਾਲਾਤ ਅਨੁਸਾਰ ਹੋਰ ਸੁਧਾਰ ਤੇ ਵਾਧਾ ਕਰਨ ਲਈ ਆਖਦੇ ਹਨ। ਫਿਰ 1967 ਦੇ ਪਰੋਤੋਕਾਲ ਨੇ ਫਰਜ਼ ਨੀਅਤ ਕੀਤੇ। 1986 ਵਿਚ ਜਨੀਵਾ ਵਿਚ ਯੂ. ਇਨ. ਵਲੋਂ ਐਲਾਨ-ਨਾਮਾ ਜਾਰੀ ਕੀਤਾ ਗਿਆ ਅਤੇ ਯੂਨਾਈਟਿਡ ਨੇਸ਼ਨਜ਼ ਦੀ ਜਨਰਲ ਅਸੰਬਲੀ ਨੇ ਉਸ ਐਲਾਨਨਾਮੇ ਦੀ ਪੁਸ਼ਟੀ ਕੀਤੀ ਅਤੇ ਸਭ ਦੇਸ਼ਾਂ ਨੂੰ ਆਖਿਆ ਕਿ 1991 ਤੱਕ ਰਿਫੀਊਜੀਆਂ ਸੰਬੰਧੀ ਯੂਨਾਈਟਿਡ ਨੇਸ਼ਨਜ਼ ਦੀ ਕਨਵੈਨਸ਼ਨ, ਪਰੋਤੋਕਾਲ ਅਤੇ ਮਤੇ ਤੇ ਦਸਤਖਤ ਕਰਕੇ ਸਰਬ ਵਿਆਪੀ ਨੀਤੀ ਵਿਚ ਪੂਰਾ ਹਿਸਾ ਪਾਉਣ। ਬਰਨ (ਸਵਿਟਜ਼ਰਲੈਂਡ) ਵਿਚ 11 ਤੋਂ 13 ਫਰਵਰੀ 1987 ਨੂੰ ਰਿਫੀਊਜੀਆਂ ਸੰਬੰਧੀ ਪਨਾਹ ਦੇਣ ਦੀਆਂ ਨੀਤੀਆਂ ਅਤੇ ਅਮਲਾਂ ਬਾਰੇ ਮੀਟਿੰਗ ਹੋਈ ਜਿਸ ਕਈ ਯੂਰਪੀ ਦੇਸ਼, ਕੈਨੇਡਾ ਅਤੇ ਅਸਟਰੇਲੀਆ ਸ਼ਾਮਲ ਹੋਏ। ਕੈਨੇਡਾ ਨੇ ਰਿਫੀਊਜੀਆਂ ਸੰਬੰਧੀ ਦਸਤਖਤ ਕੀਤੇ ਹੋਏ ਹਨ ਅਤੇ ਪਿਛਲੇ ਸਾਲ ਰਿਫੀਊਜੀ ਪਾਲਸੀ ਸੰਬੰਧੀ ਇਸ ਨੂੰ ਉਚ ਪਾਏ ਦਾ ਨੈਨਸਨ ਦਮਗਾ ਭੀ ਮਿਲਿਆ

ਪਰ ਕੈਨੇਡਾ ਦੀਆਂ ਕਈ ਮੌਕਾਪ੍ਰਸਤ ਨੀਤੀਆਂ ਜੋ ਅਮਰੀਕੀ ਸਾਮਰਾਜ ਦੀ ਅਧੀਨਗੀ ਅਤੇ ਪਿਛਲੱਗ ਕਰਕੇ ਅਤੇ ਕੈਨੇਡੀਅਨ ਸਟੇਟ ਦੇ ਪਿਛੋਖਿਚੂ ਜਮਾਤੀ ਖਾਸੇ ਕਰਕੇ ਹਨ। ਰਿਫੀਊਜੀਆਂ ਸੰਬੰਧੀ ਇਸ ਦੀ ਨੀਤੀ ਪਿਛੋ ਖਿਚੂਆਂ ਨੂੰ ਉਤਸ਼ਾਹਤ ਕਰਨ ਦੀ ਅਤੇ ਫੌਜੀ ਡਿਕਟੇਟਰਾਂ ਤੇ ਨੀਮ ਫਾਸ਼ੀ ਸਰਕਾਰਾਂ ਜਿਵੇਂ ਐਲ. ਸੈਲਵੇਡੋਰ, ਗੁਆਟੇਮਾਲਾ, ਚਿੱਲੀ ਆਦਿ ਤੋਂ ਆਉਂਦੇ ਰਿਫੀਊਜੀਆਂ ਨੂੰ ਰੋਕਣਾ ਅਤੇ ਪੋਲੈਂਡ, ਅਫਗਾਨਿਸਤਾਨ ਤੇ ਨਿਕਾਰਗੁਆ ਆਦਿ ਤੋਂ ਉਤਸ਼ਾਹਿਤ ਕਰਨਾ ਹੈ।

ਯੂ. ਐਨ ਦੀ ਕਨਵੈਨਸ਼ਨ ਤੇ ਪਰੋਤੋਕਾਲ ਰਿਫੀਊਜੀ ਦੀ ਜੋ ਵਿਆਖਿਆ ਕੀਤੀ ਹੈ, ਕੈਨੇਡਾ ਨੇ ਉਸ ਨੂੰ ਪ੍ਰਵਾਨ ਕੀਤਾ ਜੋ 1976 ਦੇ ਇਮੀਗਰੇਸ਼ਨ ਐਕਟ ਵਿਚ ਹੈ ਅਤੇ ਪੰਜ ਮਈ 1987 ਦੇ ਬਿਲ ਸੀ-55 ਦੇ ਸਫਾ ਇਕ ਉਪਰ ਲਿਖੀ ਹੋਈ ਹੈ ਕਿ ਕੋਈ ਭੀ ਉਹ ਬੰਦਾ ਜਿਸ ਨੂੰ ਨਸਲ, ਧਰਮ, ਕੌਮੀਅਤ ਜਾਂ ਸਮਾਜੀ ਗਰੁਪ ਜਾਂ ਸਿਆਸੀ ਰਾਏ ਕਾਰਨ ਆਪਣੇ ਉਪਰ ਅਤਿਆਚਾਰ ਦਾ ਠੋਸ ਕਾਰਨ ਹੈ ਅਤੇ ਇਸ ਕਰਕੇ ਉਹ ਦੇਸ਼ ਤੋਂ ਬਾਹਰ ਹੈ ਉਸ ਡਰ ਕਾਰਨ ਵਾਪਸ ਨਹੀਂ ਜਾ ਸਕਦਾ। ਵੈਸੇ ਵਿਸ਼ਵ ਪੱਧਰ ਤੇ ਰਿਫੀਊਜੀਆਂ ਵਾਰੇ 12 ਮਈ 1926; 30 ਜੂਨ 1928 ਅਤੇ 28 ਅਕਤੂਬਰ 1933 ਤੇ 10 ਫਰਵਰੀ 1938 ਦੀਆਂ ਕਨਵੈਨਸ਼ਨਾਂ ਅਤੇ 14 ਸਤੰਬਰ 1939 ਦੇ ਪਰੋਤੋਕਾਲ ਵੀ ਇਸ ਮਸਲੇ ਨਾਲ ਨਿਪਟਦੇ ਰਹੇ।

**ਸਰਕਾਰੀ ਨੀਤੀ :—** ਕੈਨੇਡਾ ਵਿਚ ਪਿਛਲੇ ਸਾਲ ਕੇਂਦਰੀ ਅਮਰੀਕਾ ਤੋਂ 1875 ਰਿਫੀਊਜੀ ਅਤੇ ਜਨਵਰੀ 1987 ਵਿਚ ਕੋਈ 1800 ਰਿਫੀਊਜੀ ਦਾਖਲ ਹੋਏ। ਪਿਛਲੇ ਸਾਲ ਪੁਰਤਗਾਲ ਤੋਂ ਪੈਂਤੀ ਸੌ ਲੋਕ ਰਿਫੀਊਜੀ ਦੇ ਨਾਮ ਉਤੇ ਆਏ। ਅਗਸਤ 1987 ਦੇ ਵਿਚ ਕੋਈ ਸੱਤਰ ਬੰਦੇ ਹਾਂਡੂਰਸ ਤੋਂ ਰਿਫੀਊਜੀ ਆਏ। ਫਾਸ਼ੀ, ਨੀਮ ਫਾਸ਼ੀ ਤੇ ਡਿਕਟੇਟਰਾਂ ਤੋਂ ਜਾਨ ਬਚਾ ਕੇ ਆਉਂਦੇ ਲੋਕਾਂ ਨਾਲ ਸਾਡੀ ਪੂਰੀ ਹਮਦਰਦੀ ਹੈ ਤੇ ਹੱਕ ਵਿਚ ਹਾਂ। ਪਰ ਇਥੇ ਦੀ ਸਰਕਾਰ ਅਤੇ ਮੀਡੀਆ, ਉਸ ਸਮੇਂ ਗੱਲ ਬਹੁਤ ਉਛਾਲਦਾ ਹੈ ਜਦੋਂ ਲੋਕ ਸਮਾਜਵਾਦੀ ਦੇਸ਼ ਤੋਂ ਜੋ ਕੋਈ ਆਵੇ ਜਿਸ ਨਾਲ ਇਹ ਸਮਾਜਵਾਦ ਨੂੰ ਭੰਡਣ ਲਈ ਮੌਕਾ ਚਾਹੁੰਦੇ ਹਨ। ਨਾਲ ਹੀ ਕੈਨੇਡਾ ਦੀ ਇਮੀਗਰੇਸ਼ਨ ਨੀਤੀ ਐਂਗਲੋ ਸੈਕਸਨ, ਚਿੱਟੇ ਅਤੇ ਸਰਮਾਏਦਾਰੀ ਕੀਮਤਾਂ ਤੇ ਅਧਾਰਤ ਹੈ ਜਿਸ ਕਰਕੇ ਨਸਲਵਾਦੀ ਤੇ ਰੰਗਦਾਰ ਲੋਕਾਂ ਅਤੇ ਮਜ਼ਦੂਰਾਂ ਦੇ ਵਿਰੁਧ ਹੈ। ਪਿਛਲੇ ਸਾਲ ਜਦੋਂ 12 ਅਗਸਤ 1986 ਨੂੰ ਸ੍ਰੀ ਲੰਕਾ ਤੋਂ ਤਾਮਲ ਆਏ ਤਾਂ ਹੰਗਾਮਾ ਹੋਇਆ। ਇਸ ਸਾਲ ਜਦੋਂ 12 ਜੁਲਾਈ

---

ਲਾਉਣ ਦੇ ਕਾਬਲ ਹੋ ਜਾਣਗੇ, ਜਿਸ ਲਈ ਇਪਾਨਾ ਇਕ ਹਥਿਆਰ ਦਾ ਕੰਮ ਕਰ ਰਹੀ ਹੈ।

ਇਹ ਸਪਸ਼ਟ ਹੈ ਕਿ ਭਾਰਤ ਦੇ ਲੋਕਾਂ ਦੀਆਂ ਮੁਸ਼ਕਲਾਂ, ਮਹਿਗਾਈ, ਭ੍ਰਿਸ਼ਟਾਚਾਰ, ਫਿਰਕੂ ਲਹਿਰਾਂ, ਵੱਖਵਾਦੀ ਲਹਿਰਾਂ ਆਦਿ ਦੀਆਂ ਜ਼ਿਮੇਵਾਰ ਕਾਂਗਰਸ ਸਰਕਾਰ ਦੀਆਂ ਦੀਵਾਲੀਆ ਆਰਥਕ ਨੀਤੀਆਂ ਹਨ, ਸਰਮਾਏਦਾਰ-ਜਾਗੀਰੂ ਪ੍ਰਬੰਧ ਹੈ ਅਤੇ ਇਨ੍ਹਾਂ ਨਾਲ ਫਿਰਕੂ ਪਾਰਟੀਆਂ ਅਤੇ ਸੰਸਥਾਵਾਂ ਹਨ ਜਿਨ੍ਹਾਂ ਨਾਲ ਸਾਮਰਾਜੀ ਬਹੁਕੌਮੀ ਕਾਰਪੋਰੇਸ਼ਨਾਂ ਅਤੇ ਸੀ. ਆਈ. ਏ. ਵਰਗੇ ਸਾਜ਼ਸ਼ੀ ਅਦਾਰਿਆਂ ਦੀ ਸਾਂਝ ਭਿਆਲੀ ਤੇ ਸੰਬੰਧ ਹਨ। ਭਾਰਤ ਵਿਚ ਛੇ ਦਰਜਨ ਤੋਂ ਵੱਧ ਨਕਸਲੀ ਗਰੁਪਾਂ ਦਾ ਅਮਲ ਮੌਕਾਪ੍ਰਸਤ ਮਾਅਰਕੇਬਾਜ਼ੀ ਦਾ ਰਿਹਾ ਹੈ ਜੋ ਭਾਰਤ ਵਿਚ ਖੱਬੀ ਅਤੇ ਜਮਹੂਰੀ ਲਹਿਰ ਨੂੰ ਕਮਜ਼ੋਰ ਕਰਨ ਵਾਲਾ ਅਤੇ ਲੋਕ-ਜਮਹੂਰੀ ਲਹਿਰ ਨੂੰ ਪਿਛੇ ਖਿਚਣ ਵਾਲਾ ਹੈ, ਇਪਾਨਾ ਉਨ੍ਹਾਂ ਵਿਚੋਂ ਇਕ ਨਕਸਲੀ ਧੜੇ ਦਾ ਅੰਗ ਹੈ ਜੋ ਸਭ ਕੁਝ ਦੇ ਸਿਟੇ ਵਜੋਂ ਸਾਮਰਾਜ ਦੀ ਸੇਵਾਦਾਰ ਹੋ ਨਿਬੜਦੀ ਹੈ।

ਇਪਾਨਾ ਦੇ ਬੁੱਧੀਜੀਵੀ ਅਕਤੂਬਰ-ਪਰਪੰਚ ਤੋਂ ਸ਼ਾਇਦ ਲੰਬੀਆਂ ਚੌੜੀਆਂ ਆਸਾਂ ਲਾਈ ਬੈਠੇ ਹੋਣ ਕਿ ਉਹ ਦਿੱਲੀ ਦੇ ਸਿੱਖ ਕਤਲੇਆਮ ਦੀ ਗੱਲ ਕਰਕੇ, ਕੈਨੇਡਾ ਵਿਚ ਸਿੱਖਾਂ ਦੀਆਂ ਹਮਦਰਦੀਆਂ ਪ੍ਰਾਪਤ ਕਰ ਸਕਣਗੇ ਅਤੇ ਇਸ ਵਿਚੋਂ ਇਪਾਨਾ ਦੇ ਜੀਵਨ ਲਈ ਮੰਗਵੇਂ ਸਾਹ ਉਧਾਰੇ ਲੈ ਸਕਣਗੇ। ਇਪਾਨਾ ਦੀ ਡੁਗਡੁਗੀ ਸੁਣ ਕੇ ਵੱਖਵਾਦੀ ਅਤੇ ਫਿਰਕੂ ਨਿਸਚੇ ਹੀ ਇਕੱਠੇ ਹੋ ਜਾਣਗੇ ਕਿ ਕੀ ਤਮਾਸ਼ਾ ਚੱਲ ਰਿਹਾ ਹੈ, ਪਰ ਇਪਾਨਾ ਨੂੰ ਅੰਤ ਉਤੇ ਮਾਯੂਸੀ ਹੀ ਪੱਲੇ ਪਵੇਗੀ ਜਾਂ ਸਾਮਰਾਜੀਆਂ ਦਾ ਅਸ਼ੀਰਵਾਦ ਤੇ ਸ਼ੁਭ ਭਾਵਨਾ ਦਾ ਪਰਮਾਣ ਪੱਤਰ।


ਪੰਜਾਬੀ ਮਾਰਕਿਟ ਵਿਚ

**ਮਾਨ ਸ਼ੂਅ ਸਟੋਰ**

ਆਦਮੀਆਂ, ਔਰਤਾਂ, ਅਤੇ ਬੱਚਿਆਂ ਦੇ ਜੁੱਤੇ,
ਚਮੜੇ ਦੇ ਅਟੈਚੀ, ਪਰਸ ਅਤੇ ਹੋਰ ਸਾਮਾਨ

MENS, LADIES & CHILDRENS'
SHOES AND LEATHER
LUGGAGE & ACCESSORIES

ਮੁਹਿੰਦਰ ਸਿੰਘ ਮਾਨ — Mohinder Singh Mann

321-4353

MANN SHOE STORE
6570 MAIN ST., VANCOUVER, B.C.

1987 ਨੂੰ 174 ਭਾਰਤੀ ਸ਼ਹਿਰੀ ਕੈਨੇਡਾ ਦੇ ਪੂਰਬੀ ਤੱਟ ਤੇ ਨੋਵਾ ਸਕੋਸ਼ੀਆ ਵਿਚ ਸਮੁੰਦਰੀ ਜਹਾਜ਼ ਜਾਂ/ਕਿਸ਼ਤੀ ਰਾਹੀਂ ਉਤਰੇ ਤਾਂ ਰਿਫੀਊਜੀ ਕਲੇਮ ਕੀਤਾ ਤਾਂ ਕੈਨੇਡੀਅਨ ਸਰਕਾਰ, ਮੀਡੀਆ ਅਤੇ ਨਸਲਵਾਦੀਆਂ ਨੇ ਖੌਰੂ ਪਾਇਆ ਤੇ ਅਸਮਾਨ ਸਿਰ ਤੇ ਚੁੱਕ ਲਿਆ। ਅਸੀਂ ਦੂਜੇ ਦਿਨ ਹੀ ਅੰਗਰੇਜ਼ੀ ਮੀਡੀਏ ਵਿਚ ਵਿਸਥਾਰ ਪੂਰਵਕ ਬਿਆਨ ਦਿਤਾ ਕਿ ਇਸ ਮਸਲੇ ਨੂੰ ਕਾਨੂੰਨ ਅਨੁਸਾਰ ਨਜਿੱਠਿਆ ਜਾਏ, ਇਹਨਾਂ ਨਾਲ ਇਨਸਾਫ ਹੋਵੇ, ਜਿਸ ਨਾਲ ਨਸਲਵਾਦ ਨੂੰ ਸ਼ਹਿ ਨਾ ਮਿਲੇ ਅਤੇ ਕਿਸੇ ਭੀ ਗਰੁਪ ਤੇ ਖਾਸ ਕਰ ਭਾਰਤੀ ਖਾਲਿਸਤਾਨ ਤੇ ਅਤਿਵਾਦੀ ਵੱਖਵਾਦੀ ਭੀ ਇਸ ਮਸਲੇ ਨੂੰ ਭਾਰਤ ਵਿਰੋਧੀ ਆਪਣੀ ਗਦਾਰ ਸਿਆਸਤ ਲਈ ਨਾ ਵਰਤ ਸਕਣ।

ਸਾਡੇ ਇਸ ਬਿਆਨ ਨੂੰ ਸਭ ਨੇ ਠੀਕ ਆਖਿਆ। ਪਰ ਕੈਨੇਡੀਅਨ ਸਰਕਾਰ ਉਪਰ ਸੱਜ ਪਿਛਾਖੜੀ ਪਿਛਲੇ ਸਾਲਾਂ ਤੋਂ ਜ਼ੋਰ ਪਾ ਰਹੇ ਸਨ ਕਿ ਇਮੀਗਰੇਸ਼ਨ ਐਕਟ 1976 ਵਿਚ ਅਤੇ ਰਿਫੀਊਜੀ ਨੀਤੀ ਵਿਚ ਲੋਕ ਵਿਰੋਧੀ ਸੋਧ ਕਰੋ। ਨਸਲਵਾਦੀ ਵੀ ਸਰਗਰਮ ਸਨ/ਹਨ। ਕੈਨੇਡੀਅਨ ਸਰਕਾਰ ਵੀ ਲੋਕ ਹਿਤੂ ਨਹੀਂ ਅਤੇ ਧਨੀਆਂ ਦੇ ਹਿਤਾਂ ਨੂੰ ਮੁੱਖ ਰਖਦੀ ਹੋਈ ਲੋਕ ਵਿਰੋਧੀ ਡਿਕਟੇਟਰਾਂ ਤੋਂ ਭੱਜਦੇ ਰਿਫੀਊਜੀਆਂ ਨੂੰ ਰੋਕਣਾ ਤੇ ਬਾਹਰ ਰੱਖਣਾ ਚਾਹੁੰਦੀ ਹੈ ਤੇ ਨਾਲ ਹੀ ਜੋ ਦੇਸ਼ ਅਮਰੀਕਾ ਦੀ ਬੋਲੀ ਨਹੀਂ ਬੋਲਦੇ ਉਸ ਦੇ ਵੀ ਢੰਗ ਨਾਲ ਠਿੱਬੀ ਲਾਉਣਾ ਚਾਹੁੰਦਾ ਹੈ। ਨਾਲ ਹੀ ਨਸਲਵਾਦ ਆਦਿ ਰਾਹੀਂ ਵੰਡੀਆਂ ਪਾ ਕੇ ਵੀ ਰੱਖਣ ਦੀ ਪੂਰੀ ਇੱਛਕ ਹੈ। ਸੋ ਕਨੇਡੀਅਨ ਸਰਕਾਰ ਨੇ ਬੜੇ ਡਰਾਮਈ (ਨਾਟਕੀ) ਢੰਗ ਨਾਲ 174 ਭਾਰਤੀਆਂ ਦੇ ਕਲੇਮ ਨੂੰ ਉਛਾਲਿਆ। ਹਾਲਾਂ ਕਿ ਕਾਨੂੰਨੀ ਇਮੀਗਰੇਸ਼ਨ ਤੇ ਉਸ ਰਾਹੀਂ ਗਿਣਤੀ ਦਾ ਰਿਫੀਊਜੀ ਕਲੇਮਾਂ ਦੀ ਗਿਣਤੀ ਨਾਲ ਉਕਾ ਹੀ ਕੋਈ ਸੰਬੰਧ ਨਹੀਂ। ਉਹ ਰਿਫੀਊਜੀ ਹਨ ਕਿ ਨਹੀਂ ਅਤੇ ਕਿਵੇਂ ਆਏ, ਇਸ ਵਾਰੇ ਤਾਂ ਕਾਨੂੰਨ ਅਨੁਸਾਰ ਫੈਸਲਾ ਹੋਵੇਗਾ। ਅਸੀਂ ਚਾਹੁੰਦੇ ਹਾਂ ਕਿ ਸਾਡੇ ਲੋਕਾਂ ਨੂੰ ਵੀ ਆਉਣ ਦੀਆਂ ਸਹੂਲਤਾਂ ਐਂਗਲੋ ਸੈਕਸਨ ਵਾਂਗ ਚਾਹੀਦੀਆਂ ਹਨ। ਪਰ ਸਾਡੇ ਲੋਕਾਂ ਨੂੰ ਦਿੱਲੀ ਵਿਚ ਕੈਨੇਡੀਅਨ ਐਮਬੈਸੀ ਬੜਾ ਦੁਖੀ ਤੇ ਖੱਜਲ ਖੁਆਰ ਕਰਦੀ ਹੈ। ਸਰਕਾਰ ਨੇ ਪਿਛਲੇ ਸਾਲ ਸ੍ਰੀ ਲੰਕਾ ਤੋਂ ਆਏ ਤਾਮਿਲਾਂ ਦੇ ਮਸਲੇ ਨੂੰ ਭੜਕਾ ਕੇ ਇਮੀਗਰੇਸ਼ਨ ਵਿਰੋਧੀ ਮਾਹੌਲ ਵਿਚ ਬਿਲ ਸੀ-55 ਘੜਿਆ ਜੋ ਅਜੇ ਪਹਿਲੀ ਸਟੇਜ ਵਿਚ ਹੈ ਜਿਸ ਦੀ ਕਾਫੀ ਵਿਰੋਧਤਾ ਹੈ। ਹੁਣ 174 ਭਾਰਤੀਆਂ ਦੇ ਕਨਵੈਨਸ਼ਨ ਰਿਫੀਊਜੀ ਕਲੇਮ ਨੂੰ ਉਭਾਰ ਕੇ ਤੇ ਭਾਰਤੀਆਂ ਵਿਰੋਧੀ ਰਾਏ ਪੈਦਾ ਕਰਕੇ ਸਾਰੇ ਰਿਫੀਊਜੀਆਂ ਪ੍ਰਤੀ ਅਤਿ ਮਾਰੂ ਬਿਲ ਸੀ-84 ਲੈ ਆਂਦਾ ਹੈ ਅਤੇ ਪਾਸ ਕਰਨ ਲਈ ਐਮਰਜੈਂਸੀ ਵਿਚ ਪਾਰਲੀਮੈਂਟ ਸੱਦ ਲਈ ਹੈ। ਇਸ ਤੋਂ ਹੀ ਕੈਨੇਡੀਅਨ ਸਰਕਾਰ ਦੀ ਨੀਤੀ ਤੇ ਨੀਤੀ ਸਾਫ ਜ਼ਾਹਰ ਹੋ ਜਾਂਦੀ ਹੈ। ਪਰ ਸਰਕਾਰ ਦੀ ਇਸ ਨੀਤੀ ਤੇ ਚਾਲ ਵਿਚ ਕੱਟੜਪੰਥੀ; ਵੱਖਵਾਦੀ ਤੇ ਅਤਿਵਾਦੀ ਸਿੱਖ ਵੀ ਸਹਾਈ ਹੋਏ ਜਦੋਂ ਉਹ ਜਾਂ ਤਾਂ ਨੋਵਾ ਸਕੋਸ਼ੀਆ (ਜਿਥੇ 174 ਸਨ) ਜਾਂ ਵਕੀਲ ਭੇਜੇ ਜਾਂ ਐਵੇਂ ਬੇਥਵੇ ਬਿਆਨ ਦਾਗਣੇ ਆਰੰਭ ਦਿਤੇ ਜੋ ਆਪਾ ਵਿਰੋਧੀ ਸਨ ਅਤੇ ਸਰਕਾਰ ਨੇ ਕਈ ਢੰਗਾਂ ਨਾਲ ਤੇ ਖਾਸ ਕਰ ਜ਼ਮਾਨਤਾਂ ਲਈ ਵਰਤ ਲਏ ਜਦ ਕਿ ਰਿਫੀਊਜੀਆਂ ਤੋਂ ਸਰਕਾਰ ਜ਼ਮਾਨਤ ਨਹੀਂ ਲੈ ਸਕਦੀ। ਕਿਉਂ ਤੇ ਕਿਵੇਂ ਹੋਇਆ ਤੇ ਇਸ ਵਿਚ ਕੀ ਸਿਆਸਤ ਹੈ, ਇਹ ਜੁਦਾ ਵਿਸ਼ਾ ਹੈ। (ਤੇ ਜੇ ਲੋੜ ਪਈ ਤਾਂ ਇਸ ਮਸਲੇ ਵਿਚ ਧਾਰਮਿਕ ਗਰੁਪਾਂ ਦੇ ਰੋਲ ਵਾਰੇ ਲਿਖਾਂਗੇ)। ਹੁਣ ਹਾਂਡੂਰਸ ਤੋਂ ਆਏ ਲੋਕਾਂ ਨੇ ਸ਼ਰਨਾਰਥੀ ਕਲੇਮ ਕੀਤਾ ਤੇ ਕੋਈ ਜ਼ਮਾਨਤ ਨਹੀਂ।

**ਬਿਲ ਸੀ-55 :—** ਇਹ 5 ਮਈ 1987 ਨੂੰ ਡਰਾਫਟ ਪੇਸ਼ ਜਿਸ ਦੀਆਂ ਕਈ ਮੱਦਾਂ ਦਾ ਅਗਾਂਹਵਧੂ ਜਥੇਬੰਦੀਆਂ, ਗਰੁਪਾਂ ਅਤੇ ਵਿਅਕਤੀਆਂ ਨੇ ਵਿਰੋਧ ਕੀਤਾ। ਪਾਦਰੀ ਪਲਾਊਟ ਜਿਸ ਨੇ ਰਿਫੀਊਜੀ ਮਸਲੇ ਸੰਬੰਧੀ ਰੀਪੋਰਟ ਲਿਖੀ ਸੀ ਤੇ ਸਰਕਾਰ ਨੇ ਮੰਨੀ, ਉਸ ਨੇ ਵੀ ਕੁਝ ਗੱਲਾਂ ਨੂੰ ਨਿੰਦਿਆ। ਕੈਨੇਡੀਅਨ ਬਾਰ ਐਸੋਸੀਏਸ਼ਨ ਦੇ ਨੁਮਾਇੰਦੇ ਬਾਰਬਰਾ ਜੈਕਸਨ ਨੇ ਆਖਿਆ ਕਿ ਇਹ ਬਿਲ ਉਹਨਾਂ ਤਿੰਨ ਅਸੂਲਾਂ ਤੇ ਪੂਰਾ ਨਹੀਂ ਉਤਰਦਾ ਜਿਸ ਦੀ ਬਾਰ ਐਸੋ: ਮਦਦ ਕਰਦੀਆਂ ਹਨ — ਉਹ ਅਸੂਲ ਹਨ (1) ਹਰ ਰਿਫੀਊਜੀ ਕਲੇਮ ਵਾਲੇ ਦੀ ਆਜ਼ਾਦ ਬੋਡੀ ਸਾਹਮਣੇ ਸੁਣਵਾਈ (2) ਜ਼ਬਾਨੀ ਸੁਣਵਾਈ ਅਤੇ (3) ਅਪੀਲ ਦਾ ਹੱਕ।

**ਅਪੀਲ ਦਾ ਹੱਕ ਖੋਹਣਾ :—** ਇਸ ਨੇ ਲੱਗਭਗ ਅਪੀਲ ਦਾ ਹੱਕ ਖੋਹ ਲਿਆ ਹੈ ਅਤੇ ਇਸ ਦੀਆਂ ਧਾਰਾਵਾਂ 83 ਅਤੇ 85 ਬਹੁਤ ਮਾਰੂ ਅਤੇ ਰਿਫੀਊਜੀ ਜਾਂ ਇਮੀਗਰੈਂਟ ਕਲੇਮ ਵਾਲੇ ਦੇ ਵਿਰੁਧ ਹਨ ਕਿਉਂਕਿ ਕਲੇਮ ਵਾਲਾ ਆਪਣੇ ਵਿਰੁਧ ਹੋਏ ਫੈਸਲੇ ਨੂੰ ਆਸਾਨੀ ਨਾਲ ਅਪੀਲ ਨਹੀਂ ਕਰ ਸਕਦਾ। ਉਦਾਹਰਣ ਦੇ ਤੌਰ ਤੇ ਜੇ ਕਰ ਧਾਰਾ 83-2 ਦੇ ਤਹਿਤ ਫੈਡਰਲ ਕੋਰਟ ਦੀ ਟਰਾਇਲ ਡਿਵੀਜ਼ਨ ਦਾ ਜੱਜ ਕਲੇਮ ਵਾਲੇ ਦੇ ਵਿਰੁਧ ਫੈਸਲਾ ਦਿੰਦਾ ਹੈ ਤਾਂ ਇਸ ਦੀ ਅੱਗੇ ਅਪੀਲ ਕਰਨੀ ਲੱਗਭਗ ਅਸੰਭਵ ਹੈ ਹਾਲਾਂ ਕਿ ਟਰਾਇਲ ਡਿਵੀਜ਼ਨ ਤੋਂ ਉਪਰ ਫੈਡਰਲ ਕੋਰਟ ਆਫ ਅਪੀਲ ਅਤੇ ਇਸ ਤੋਂ ਉਪਰ ਸੁਪਰੀਮ ਕੋਰਟ ਔਫ ਕੈਨੇਡਾ ਪਾਸ ਅਪੀਲ ਕਰਨ ਦਾ ਹੱਕ ਚਾਹੀਦਾ ਹੈ। ਸੋ ਅਪੀਲ ਦਾ ਹੱਕ ਖੋਹਿਆ ਜਾ ਰਿਹਾ ਹੈ ਭਾਵੇਂ ਕਿ ਸੈਕਸ਼ਨ 71.1 ਅਤੇ 73.3 ਦੇ ਅਧੀਨ ਰਿਫੀਊਜੀ ਡਿਵੀਜ਼ਨ ਤੋਂ ਕਾਨੂੰਨੀ ਨੁਕਤੇ ਵਿਚ ਗਲਤੀ ਜਾਂ ਠੋਸ ਹਕੀਕਤਾਂ ਨੂੰ ਨਜ਼ਰ ਅੰਦਾਜ਼ ਕਰਨ ਦੇ ਮਸਲੇ ਤੇ ਅਪੀਲ ਲਈ ਦੱਸਿਆ ਹੈ। ਪਰ ਇਹ ਸਿਰਫ ਅੱਖਾਂ ਵਿਚ ਧੂੜ ਲਈ ਹੈ। ਸੋ ਅਪੀਲ ਦਾ ਖਾਤਮਾ ਹੀ ਸਮਝੋ।

ਇਸ ਬਿੱਲ ਦੀ ਮੱਦ 71 (2) ਅਧੀਨ ਰਿਫੀਊਜੀ ਡਿਵੀਜ਼ਨ ਵਿਚ ਸਾਰੀ ਕਾਰਵਾਈ ਤੇ ਸੁਣਵਾਈ ਬੰਦ ਕਮਰੇ ਵਿਚ ਹੋਵੇਗੀ ਜਿਥੇ ਹੋਰ ਕੋਈ ਨਹੀਂ ਜਾ ਸਕਦਾ।

**ਕਮੇਟੀ :—** ਰਿਫੀਊਜੀ ਕਲੇਮ ਦੀ ਜਾਂਚ ਤੇ ਫੈਸਲੇ ਦੇ ਸੈਕਸ਼ਨ ਦਾ ਇੰਚਾਰਜ ਰਿਫਾਇਲ ਜਿਰਾਰਡ ਨੇ ਆਖਿਆ ਕਿ ਜੇ ਯੋਗ ਢੰਗ ਨਾਲ ਅੰਦਾਜ਼ਾ ਲਾਈਏ ਤਾਂ ਰਿਫੀਊਜੀ ਕਲੇਮ ਵਾਲਿਆਂ ਦਾ ਸਿਰਫ ਇਕ ਤਿਹਾਈ ਹੀ ਜਾਂਚ ਪੜਤਾਲ ਵਿਚੋਂ ਨਿਕਲ ਕੇ ਰਿਫੀਊਜੀ ਬੋਰਡ ਅਗੇ ਕੇਸ ਪੇਸ਼ ਕਰ ਸਕੇਗਾ। ਪਰ ਮੰਤਰੀ ਬੁਸ਼ਾਰਡ ਆਖਦਾ ਹੈ ਕਿ ਉਹ ਰਿਫੀਊਜੀ ਕਲੇਮ ਦੇ ਨਾਮ ਤੇ ਦਾਖਲ ਹੋਣ

Autoplan
AUTHORIZED AGENT
For Quick, Efficient & Friendly Service
on Any Type of Insurance,
Contact your Friendly Agent
ਹਰ ਪ੍ਰਕਾਰ ਦੀ ਇਨਸ਼ੋਰੈਂਸ ਲਈ ਤੁਰੰਤ,
ਭਰੋਸੇਯੋਗ ਅਤੇ ਦੋਸਤਾਨਾ ਸਰਵਿਸ ਲਈ ਸਾਨੂੰ
NARWAL INSURANCE AGENCY
6415 Main Street, Vancouver, B.C. V5W 2V5
Bus. 324-4944 Res. 291-7689

AUTOPLAN HOMEOWNERS, CONDOMINIUM, TENANTS INSURANCE, COMMERCIAL, BOAT, TRAVEL AND SICKNESS



ZARINA KANANI
ਜ਼ਰੀਨਾ ਕਨਾਨੀ

ਲਈ ਦੁਰਵਰਤੋਂ ਨੂੰ ਰੋਕਣਾ ਚਾਹੁੰਦਾ ਹੈ। ਪਰ ਹੁਣ ਨਵੇਂ ਬਿਲ ਸੀ-84 ਦੇ ਹਫੜਾ ਦਫੜੀ ਵਿਚ ਲਿਆਉਣ ਤੋਂ ਪ੍ਰਗਟ ਹੁੰਦਾ ਹੈ ਕਿ ਕੈਨੇਡੀਅਨ ਸਰਕਾਰ ਨਸਲਵਾਦੀ ਅਤੇ ਪਿਛੇ ਖਿਚੂ ਦਾਅ ਪੇਚ ਵਰਤੇਗੀ। ਇਸ ਬਿਲ ਤਹਿਤ ਨਵੀਂ "ਰਿਫੀਊਜੀ ਡਵਿਜ਼ਨ" ਅਤੇ "ਅਪੀਲ ਡਵਿਜ਼ਨ" ਸਥਾਪਤ ਹੋਣੀ ਹੈ। ਇਮੀਗਰੇਸ਼ਨ ਮੰਤਰੀ "**ਰਿਫੀਊਜੀ ਸਟੇਟਸ ਐਡਵਾਈਜ਼ਰੀ ਕਮੇਟੀ**" ਸਥਾਪਤ ਕਰੇਗਾ ਜੋ ਕਲੇਮਾਂ ਵਾਰੇ ਰਾਏ ਦੇਵੇਗੀ। "**ਇਮੀਗਰੇਸ਼ਨ ਰਿਫੀਊਜੀ ਬੋਰਡ**" ਦੀ ਦੋ ਡਵਿਜ਼ਨਾਂ (1) ਕਨਵੈਨਸ਼ਨ ਰਿਫੀਊਜੀ ਦਾ ਫੈਸਲਾ ਡਵਿਜ਼ਨ" (ਕਿ ਕਲੇਮ ਵਾਲਾ ਰਿਫੀਊਜੀ ਹੈ ਕਿ ਨਹੀਂ) ਅਤੇ ਦੂਜੀ (2) "ਅਪੀਲ ਡਵਿਜ਼ਨ" ਹੈ। ਇਸ ਦੀ ਧਾਰਾ 45 ਰਿਫੀਊਜੀ ਕਲੇਮ ਵਾਲਾ ਰਿਫੀਊਜੀ ਹੈ ਕਿ ਨਹੀਂ — ਦਾ ਫੈਸਲਾ ਕਰੇਗੀ। ਕਨਵੈਨਸ਼ਨ ਰਿਫੀਊਜੀ ਕਲੇਮ ਵਾਲੇ ਨੂੰ ਕਲੇਮ ਦੇ ਦੌਰਾਨ (ਜਦੋਂ ਤਕ ਫੈਸਲਾ ਨਹੀਂ ਹੋਇਆ) ਉਸ ਨੂੰ ਵਾਪਸ ਨਹੀਂ ਕੀਤਾ ਜਾ ਸਕਦਾ।

**ਸੁਰੱਖਿਅਤ ਦੇਸ਼** :— ਇਸ ਦੀ ਧਾਰਾ 48.1 ਬੜੀ ਖਤਰਨਾਕ ਹੈ। ਇਸ ਦੇ ਕਈ ਪੱਖ ਹਨ। ਧਾਰਾ 48.1 ਦੇ ਅਧੀਨ ਕਨਵੈਨਸ਼ਨ ਰਿਫੀਊਜੀ ਦੇ ਕਲੇਮ ਨੂੰ ਸਵੀਕਾਰ ਨਹੀਂ ਕੀਤਾ ਜਾ ਸਕਦਾ ਜੇਕਰ ਰਿਫੀਊਜੀ ਡਿਵਿਜ਼ਨ ਇਹ ਦੇਖਦੀ ਹੈ ਕਿ (1) ਕਨਵੈਨਸ਼ਨ ਦੇ ਆਰਟੀਕਲ 48 ਦੇ ਅਧੀਨ ਕਿਸੇ ਹੋਰ ਦੇਸ਼ ਨੇ ਉਸ ਨੂੰ ਕਨਵੈਨਸ਼ਨ ਰਿਫੀਊਜੀ ਮੰਨਿਆ ਹੋਇਆ ਹੈ (2) ਜਾਂ ਰਿਫੀਊਜੀ ਕਲੇਮ ਵਾਲਾ ਉਸ ਦੇਸ਼ ਵਿਚੋਂ ਆਇਆ ਹੈ ਜਿਸ ਨੂੰ ਸੁਰੱਖਿਅਤ ਦੇਸ਼ ਸਮਝਿਆ ਜਾਂਦਾ ਹੈ ਜਾਂ ਉਥੋਂ ਪਹਿਲਾਂ ਕਦੇ ਰਿਫੀਊਜੀ ਆਉਣ ਦੀ ਪ੍ਰਥਾ ਨਹੀਂ ਅਤੇ ਉਸ ਦੇਸ਼ ਨੂੰ ਮਨੁੱਖੀ ਹੱਕਾਂ ਲਈ ਚੰਗਾ ਸਮਝਿਆ ਜਾਂਦਾ ਹੈ (3) ਅਤੇ ਜਾਂ ਕਲੇਮ ਕਰਨ ਵਾਲਾ ਉਸ ਦੇਸ਼ ਦੇ ਰਾਹੀਂ ਕਨੇਡਾ ਵਿਚ ਦਾਖਲ ਹੋ ਰਿਹਾ ਹੈ ਜਿਸ ਨੂੰ ਕੈਨੇਡਾ ਸੁਰੱਖਿਅਤ ਦੇਸ਼ ਸਮਝਦਾ ਹੈ — ਜਿਵੇਂ ਲਾਤੀਨੀ ਅਮਰੀਕਾ ਤੋਂ ਰਿਫੀਊਜੀ ਕਲੇਮ ਵਾਲੇ ਅਮਰੀਕਾ ਰਾਹੀਂ ਆਉਂਦੇ ਹਨ ਅਤੇ ਅਮਰੀਕਾ ਨੂੰ ਸੁਰੱਖਿਅਤ ਦੇਸ਼ ਸਮਝਿਆ ਜਾਂਦਾ ਹੈ ਸੋ ਕੈਨੇਡਾ ਅਮਰੀਕਾ ਦੀ ਸਰਹੱਦ ਤੇ ਹੀ ਦਸ ਦਿੱਤਾ ਜਾਵੇਗਾ। ਪਰ ਜੇ ਅਮਰੀਕਾ ਰਾਹੀਂ ਚੋਰੀ ਆਉਂਦਾ ਹੈ ਤਾਂ ਅਮਰੀਕਾ ਵਿਚ ਵਾਪਸ ਭੇਜਿਆ ਜਾ ਸਕਦਾ ਹੈ ਅਤੇ ਅਮਰੀਕਾ ਦੀ ਸਾਮਰਾਜੀ ਸਰਕਾਰ ਐਲ-ਸੈਲਵੇਡੋਰ, ਚਿੱਲੀ ਤੇ ਗੁਆਟੇਮਾਲਾ ਆਦਿ ਤੋਂ ਆ ਰਹੇ ਰਿਫੀਊਜੀਆਂ ਨੂੰ ਫਿਰ ਵਾਪਸ ਉਹਨਾਂ ਮੁਲਕਾਂ ਨੂੰ ਭੇਜੇਗੀ ਕਿਉਂਕਿ ਅਮਰੀਕਾ ਤਾਂ ਉਹਨਾਂ ਦੇਸ਼ਾਂ ਦੀਆਂ ਸਰਕਾਰਾਂ ਦਾ ਮੁਦੱਈ ਤੇ ਕਾਇਮ ਰੱਖਣ ਵਾਲਾ ਹੈ। ਸੋ ਇਹ ਸੁਰੱਖਿਅਤ (safe) ਦੇਸ਼ ਦੀ ਧਾਰਾ ਖਤਰਨਾਕ ਹੈ। ਸੋ ਲਾਤੀਨੀ ਅਮਰੀਕਾ ਦੇ ਇਥੇ ਰਹਿੰਦੇ ਲੋਕ ਅਤੇ ਅਗਾਂਹ ਵਧੂ ਇਸ ਧਾਰਾ ਦੇ ਵਿਰੁਧ ਹਨ। ਲਿਬਰਲ ਪਾਰਟੀ ਦੇ ਇਮੀਗਰੇਸ਼ਨ ਉਪਰ ਬੁਲਾਰੇ ਸਰਜੀਓ ਮਾਰਚੀ ਨੇ ਆਖਿਆ "ਇਹ ਖਤਰਨਾਕ ਕਾਨੂੰਨ ਹੈ" ਅਤੇ ਨਿਊ ਡੈਮੋਕਰੇਟਿਕ ਪਾਰਟੀ ਦੇ ਬੁਲਾਰੇ ਮਾਈਕਲ ਕੈਸੇਡੀ ਤੇ ਹੀਪ ਨੇ ਆਖਿਆ ਕਿ ਕਾਨੂੰਨ ਦੀਆਂ ਇਸ ਤਰ੍ਹਾਂ ਦੀਆਂ ਧਾਰਾਵਾਂ ਕੈਨੇਡਾ ਦੀ ਪ੍ਰਾਪਤੀਆਂ ਉਪਰ ਧੱਬਾ ਤੇ ਕਲੰਕ ਹੈ।

**ਬਿਲ ਸੀ-84** :— ਬਿੱਲ ਸੀ-84 ਭੀ ਅਤਿ ਪਿਛਾਖੜੀ ਹੈ ਜੋ ਸਰਕਾਰ ਨੇ ਆਪਣੀ ਸਾਖ ਬਣਾਉਣ ਅਤੇ ਪਿੱਛੇ ਖਿਚੂਆਂ ਤੇ ਨਸਲਵਾਦੀਆਂ ਦੇ ਦਬਾਅ ਅਧੀਨ ਐਮਰਜੈਂਸੀ ਵਿਚ 11 ਅਗਸਤ 1987 ਨੂੰ ਲਿਆਂਦਾ। ਦੂਜੀਆਂ ਪਾਰਟੀਆਂ ਨੇ ਇਸ ਵਿਚ ਸੋਧਾਂ ਲਈ ਆਖਿਆ ਪਰ ਇਮੀਗਰੇਸ਼ਨ ਮੰਤਰੀ ਬੁਸ਼ਾਰਡ ਨੇ ਨਾਂਹ ਕਰ ਦਿੱਤੀ। ਇਹ ਸਭ ਬੜੀ ਸੋਚੀ ਸਮਝੀ ਸਕੀਮ ਅਧੀਨ ਕੀਤਾ ਜਾ ਰਿਹਾ ਹੈ।

**ਮੰਤਵ** :— ਇਸ ਦੇ ਸਫਾ ਇਕ 'ਤੇ ਧਾਰਾ 2.1 ਦੇ ਅਧੀਨ ਚਾਰ ਮੰਤਵ ਦੱਸੇ ਹਨ (1) ਜਾਇਜ਼ ਰਿਫੀਊਜ਼ੀਆਂ ਦੀ ਰਾਖੀ (2) ਰਿਫੀਊਜੀ ਕਲੇਮ ਦੇ ਨਾਮ ਤੇ ਵੱਡੀ ਦੁਰਵਰਤੋਂ ਰੋਕਣਾ (3) ਬੰਦਿਆਂ ਨੂੰ ਚੋਰੀ ਅੰਦਰ ਲਿਆਉਣ ਨੂੰ ਰੋਕਣਾ ਅਤੇ (4) ਕੈਨੇਡਾ ਦੀ ਸੁਰੱਖਿਆ (ਸਿਕਊਰਿਟੀ) ਨੂੰ ਧਿਆਨ ਵਿਚ ਰੱਖਣਾ।

ਇਹ ਬਿਲ 1976 ਦੇ ਇਮੀਗਰੇਸ਼ਨ ਐਕਟ ਵਿਚ ਕਈ ਮਾਰੂ ਸੋਧਾਂ ਕਰਨ ਵਾਲਾ ਅਤੇ ਬਿਲ ਸੀ-55 ਵਿਚ ਦੱਸੀਆਂ ਗੱਲਾਂ ਨੂੰ ਪੱਕੀ ਤਰ੍ਹਾਂ ਛੇਤੀ ਹੀ ਲਾਗੂ ਕਰਨ ਲਈ ਹੈ। ਇਸ ਦੀਆਂ ਧਾਰਾਵਾਂ ਦੀ ਭਾਸ਼ਾ ਬੜੀ ਦੋ ਮਾਅਨੀ ਹੈ ਜਿਸ ਦੇ ਕਈ ਭਾਵ ਹੋ ਸਕਦੇ ਹਨ। ਵੈਸੇ ਤਾਂ ਹਰ ਕਾਨੂੰਨ ਵਿਚ ਹੀ ਇਸ ਤਰ੍ਹਾਂ ਹੁੰਦਾ ਹੈ। ਮੰਤਰੀ ਕਿਸੇ ਰਿਫੀਊਜੀ ਕਲੇਮ ਵਾਲੇ ਨੂੰ ਗ੍ਰਿਫਤਾਰ ਕਰ ਸਕਦਾ ਤੇ ਜੇਲ੍ਹ ਵਿਚ ਰੱਖ ਸਕੇਗਾ (ਜੋ ਅੱਜ ਤੱਕ ਨਹੀਂ) ਅਤੇ ਉਸ ਦੀ ਡੀਪੋਰਟੇਸ਼ਨ ਲਈ ਫੈਡਰਲ ਕੋਰਟ ਨੂੰ ਇਕ ਸਰਟੀਫਿਕੇਟ ਪੱਤਰ ਭੇਜ ਦੇਵੇਗਾ। ਇਸ ਪੱਤਰ ਦੀ ਜਾਂਚ ਪੜਤਾਲ ਬੰਦ ਕਮਰੇ ਵਿਚ ਹੋਵੇਗੀ। ਲਿਖਿਆ ਹੈ ਕਿ ਇਸ ਦਾ "ਵਾਜਬ ਆਧਾਰ" ਹੋਵੇਗਾ। ਕੌਣ ਤੇ ਕਿਵੇਂ ਫੈਸਲਾ ਹੋਵੇ ਕਿ ਉਹ ਗੱਲ "ਵਾਜਬ" ਹੈ?

**ਰਿਫੀਊਜੀ ਸਹਾਇਤਾ** :— ਇਸ ਦੀ ਧਾਰਾ 9 ਨਾਲ ਇਮੀਗਰੇਸ਼ਨ ਐਕਟ 1976 ਨੂੰ ਸੋਧ ਕੇ ਧਾਰਾ 95.1; 95.2 ਅਤੇ 95.3 ਪਾ ਦਿੱਤੀਆਂ ਗਈਆਂ ਹਨ ਜੋ ਰਿਫੀਊਜੀਆਂ ਦੀ ਮੱਦਦ ਕਰਨ ਵਾਲਿਆਂ ਦੇ ਵਿਰੁਧ ਹਨ। ਉਹ ਵਿਅਕਤੀ, ਗਰੁਪ ਜਾਂ ਅਦਾਰਾ ਜੋ ਰਿਫੀਊਜੀ ਲਿਆਉਣ, ਮਦਦ ਕਰਨ ਜਾਂ ਉਕਸਾਉਣ ਵਿਚ ਸ਼ਾਮਲ ਹੋਇਆ ਤਾਂ ਇਹ ਜ਼ੁਰਮ ਸਮਝਦੇ ਹੋਏ ਰਿਫੀਊਜੀਆਂ ਦੀ ਸਹਾਇਤਾ ਕਰਨ ਵਾਲਿਆਂ ਨੂੰ ਜੁਰਮਾਨੇ ਜਾਂ ਕੈਦ ਜਾਂ ਦੋਵੇਂ ਗੱਲਾਂ ਹੋ ਸਕਦੀਆਂ ਹਨ। ਜੇ ਇਕ ਰਿਫੀਊਜੀ ਨੂੰ ਲਿਆਉਣ ਜਾਂ ਉਕਸਾਉਣ ਵਿਚ ਹੈ ਤਾਂ ਦਸ ਹਜ਼ਾਰ ਡਾਲਰ ਜੁਰਮਾਨਾ ਜਾਂ ਪੰਜ ਸਾਲ ਤੱਕ ਕੈਦ ਜਾਂ ਦੋਵੇਂ। ਜੇ ਦਸ ਰਿਫੀਊਜੀਆਂ ਦੇ ਕਲੇਮ ਕਰਾਉਣ ਦੇ ਗਰੁਪ ਨੂੰ ਜਥੇਬੰਦ ਕਰਦਾ ਤੇ ਆਉਣ ਲਈ ਉਕਸਾਉਂਦਾ ਜਾਂ ਮੱਦਦ ਕਰਦਾ ਹੈ ਤਾਂ ਪੰਜ ਲੱਖ ਡਾਲਰ ਤੱਕ ਜੁਰਮਾਨਾ ਜਾਂ ਦਸ ਸਾਲ ਤੱਕ ਕੈਦ ਜਾਂ ਦੋਵੇਂ। ਜਿਹੜਾ ਜਹਾਜ਼ ਜਾਂ ਕਿਸ਼ਤੀ ਆਦਿ ਇਹ ਕੰਮ ਕਰਦੀ ਹੈ ਤਾਂ ਉਸ ਨੂੰ ਪੰਜ ਲੱਖ ਡਾਲਰ ਤੱਕ ਜੁਰਮਾਨਾ ਜਾਂ ਦਸ ਸਾਲ ਤੱਕ ਕੈਦ ਜਾਂ ਦੋਵੇਂ।

ਧਾਰਾ 98.1 ਦੇ ਅਧੀਨ ਜੇ ਕੋਈ ਟਰਾਂਸਪੋਰਟ ਕੰਪਨੀ ਕਿਸੇ ਐਸੀ ਸਵਾਰੀ ਨੂੰ ਲਿਆਉਂਦੀ ਹੈ ਜਿਸ ਪਾਸ ਪਾਸਪੋਰਟ, ਵੀਜ਼ਾ ਜਾਂ ਪੂਰੇ ਕਾਗਜ਼ ਨਹੀਂ, ਤਾਂ ਉਹ ਜੁਰਮ ਕਰ ਰਹੀ ਹੋਵੇਗੀ ਅਤੇ ਪੰਜ ਹਜ਼ਾਰ ਡਾਲਰ ਜੁਰਮਾਨਾ ਹੋਵੇਗਾ। ਜੇ ਕੋਈ ਜਹਾਜ਼ ਜਾਂ ਕਿਸ਼ਤੀ ਤੇ ਇਹ ਸ਼ੱਕ ਹੋ ਜਾਏ ਜਾਂ ਫੜਿਆ ਜਾਵੇ ਕਿ ਉਸ ਨੇ ਨਾਜਾਇਜ਼ ਰਿਫੀਊਜੀ ਲਿਆਂਦੇ ਜਾਂ ਉਕਸਾਏ ਜਾਂ ਆਉਣ ਵਿਚ ਮੱਦਦ ਕੀਤੀ ਹੈ ਤਾਂ ਜੁਰਮਾਨਾ ਅਤੇ ਜਹਾਜ਼ ਜ਼ਬਤ ਕੀਤਾ ਜਾ ਸਕਦਾ ਹੈ।


ਪੌਪੂਲਰ ਫਰਨੀਚਰ
ਮੈਨੂ. ਲਿਮ:



POPULAR
FURNITURE MFG. LTD.

Phone 596-1216

7935 - 128th Street
Surrey, B.C.

ਸੋ ਇਹ ਸਾਰਾ ਕੁਝ ਜਾਇਜ਼ ਰਿਫੀਊਜ਼ੀਆਂ ਨੂੰ ਭੀ ਰੋਕਣ ਅਤੇ ਸਾਮਰਾਜ ਹਮੈਤੀ ਦੇਸ਼ਾਂ ਤੋਂ ਆਉਂਦੇ ਜਾਇਜ਼ ਰਿਫੀਊਜ਼ੀਆਂ ਨੂੰ ਵਾਪਸ ਭੇਜਣ ਲਈ ਹੈ। ਨਾਲ ਹੀ ਇਸ ਤਰ੍ਹਾਂ ਦੇ ਰਿਫੀਊਜ਼ੀਆਂ ਦੀ ਮੱਦਦ ਕਰਨ ਵਾਲਿਆਂ ਨੂੰ ਹਟਾਉਣ ਲਈ ਕਿ ਤੁਸੀਂ ਸੱਜ ਪਿਛਾਖੜੀ ਦੇਸ਼ਾਂ ਤੋਂ ਭੱਜ ਰਹੇ ਰਿਫੀਊਜ਼ੀਆਂ ਦੀ ਮੱਦਦ ਕੀਤੀ ਤਾਂ ਜੁਰਮਾਨੇ ਅਤੇ ਜੇਲ੍ਹ ਹੈ। ਸਾਮਰਾਜ ਵਿਰੋਧੀ ਦੇਸ਼ਾਂ ਤੋਂ ਆਉਣ ਲਈ ਤਾਂ ਕੈਨੇਡੀਅਨ ਸਰਕਾਰ ਆਪ ਉਕਸਾਉਂਦੀ ਤੇ ਉਤਸ਼ਾਹਤ ਕਰਦੀ ਹੈ।

ਇਮੀਗਰੇਸ਼ਨ ਜਾਂ ਪੁਲਸ ਅਫਸਰ ਨੂੰ ਜੇ ਸ਼ੱਕ ਹੋਵੇ ਤਾਂ ਉਹ ਬਿਨਾਂ ਵਾਰੰਟ ਭੀ ਕਿਸੇ ਇਮਾਰਤ ਜਾਂ ਕਾਰ, ਟਰੱਕ, ਕਿਸ਼ਤੀ, ਜਹਾਜ਼ ਆਦਿ ਦੀ ਤਲਾਸ਼ੀ ਤੇ ਕਬਜ਼ੇ ਵਿਚ ਕਰ ਸਕਦਾ ਹੈ। ਕਥਿਤ ਦੋਸ਼ੀ ਨੂੰ ਸਾਬਤ ਕਰਨ ਪਵੇਗਾ ਕਿ ਉਹ ਨਿਰਦੋਸ਼ ਹੈ ਜੋ ਬਹੁਤ ਜ਼ਿਆਦਤੀ ਹੈ।

ਇਕ ਹੋਰ ਮਾਰੂ ਤੇ ਘਿਨਾਉਣੀ ਧਾਰਾ 119 ਸੋਧੀ ਤੇ ਪਾਈ ਹੈ ਕਿ ਪਹਿਲਾਂ ਜੋ ਹੱਕ ਸੀ ਕਿ ਕਥਿਤ ਦੋਸ਼ੀ, ਰਿਫੀਊਜ਼ੀ ਕਲੇਮ ਜਾਂ ਗੈਰ-ਕਾਨੂੰਨੀ ਵਿਰੁਧ ਦਿਤੀ ਜਾ ਰਹੀ ਗਵਾਹੀ, ਰੀਪੋਰਟ, ਜਾਣਕਾਰੀ ਜਾਂ ਸਬੂਤ ਉਹਨਾਂ ਨੂੰ ਵਖਾਏ ਜਾਣ, ਉਸ ਦਾ ਖਾਤਮਾ ਕਰ ਦਿੱਤਾ ਹੈ। ਅਤੇ ਹੁਣ ਸਬੂਤ ਲਈ ਜਾਸੂਸੀ ਰੀਪੋਰਟ, ਜਾਣਕਾਰੀ ਜਾਂ ਗਵਾਹੀ ਨੂੰ ਕਚਿਹਰੀ ਆਦਿ ਵਿਚ ਪੇਸ਼ ਕਰਨ ਤੇ ਦਿਖਾਉਣ ਦੀ ਲੋੜ ਨਹੀਂ ਹੋਵੇਗੀ।

ਅਪੀਲ ਕਰਨ ਦਾ ਹੱਕ ਤਾਂ ਬਿਲ ਸੀ-55 ਹੀ ਅਤਿ ਸੀਮਤ ਕਰ ਦਿੱਤਾ ਹੈ ਅਤੇ ਬਿਲ ਸੀ-84 ਵਿਚ ਤਾਂ ਪੂਰੀ ਤਰ੍ਹਾਂ ਖੋਹ ਲਿਆ ਹੈ ਅਤੇ ਇਸ ਦਾ ਭੋਗ ਪਾ ਦਿੱਤਾ ਹੈ। ਸੋ ਉਹ ਪਿਛੋ ਖਿਚੂ ਜੋ ਕੈਨੇਡੀਅਨ ਸਰਕਾਰ ਅਤੇ ਬੀ ਸੀ ਦੀ ਸੋਕਰਡ ਸਰਕਾਰ ਦੇ ਸੋਹਲੇ ਗਾਉਂਦੇ ਸਨ। ਕਈ ਅਤਿਵਾਦੀ ਵੱਖਵਾਦੀ ਤਾਂ ਖੁੱਲ੍ਹੇ ਤੌਰ ਤੇ ਬੀ ਸੀ ਦੀ ਅਤਿ ਪਿਛੋ ਖਿਚੂ ਸੋਕਰਡ ਪਾਰਟੀ ਦੀ ਖੁੱਲ੍ਹੀ ਮੱਦਦ ਕਰਦੇ ਸਨ ਜਿਸ ਪਾਰਟੀ ਦੇ ਨੇਤਾ ਨੇ ਸਭ ਤੋਂ ਵੱਧ ਭਾਰਤੀ ਰਿਫੀਊਜ਼ੀਆਂ ਵਿਰੁਧ ਰੌਲਾ ਪਾਇਆ। ਹੁਣ ਇਹ ਭਾਰਤ ਵਿਰੋਧੀ ਅਨਸਰ ਸੋਕਰਡ ਪਾਰਟੀ ਵਿਰੁਧ ਚੁੱਪ ਕਿਉਂ ਹੈ? ਸਿਆਸੀ ਵਿਚਾਰਧਾਰਾ ਸਾਂਝੀ ਹੈ। ਸੋ ਅੰਤ ਵਿਚ ਇਹ ਦੋਵੇਂ ਸਿਆਸੀ ਸੱਜ ਪਿਛਾਖੜ ਅਤੇ ਧਾਰਮਿਕ ਕੱਟੜਪੰਥੀ ਲੋਕ ਵਿਰੋਧੀ ਹਨ।

ਇਹ ਦੋਵੇਂ ਬਿਲ ਬੜੇ ਮਾਰੂ ਤੇ ਘਿਨਾਉਣੇ ਹਨ। ਅਸੀਂ ਦੁਰਵਰਤੋਂ ਅਤੇ ਸਮਗਲ ਕਰਨ ਵਾਲੇ ਪੈਸਾ ਕਮਾਊ ਏਜੰਟਾਂ ਦੇ ਹੱਕ ਵਿਚ ਨਹੀਂ ਪਰ ਇਸ ਤਰ੍ਹਾਂ ਦੇ ਰਿਫੀਊਜ਼ੀ ਵਿਰੋਧੀ ਬਿਲਾਂ ਦਾ ਵੀ ਡਟ ਕੇ ਵਿਰੋਧ ਕਰਦੇ ਹਾਂ। ਅਸੀਂ ਮੰਗ ਕਰਦੇ ਹਾਂ ਕਿ ਇਮੀਗਰੇਸ਼ਨ ਦੀ ਨਸਲਵਾਦੀ ਨੀਤੀ ਨੂੰ ਸੋਧ ਕੇ ਰਿਸ਼ਤੇਦਾਰਾਂ ਦਹੇ ਮੰਗਵਾਉਣ ਦਾ ਹੱਕ ਹੋਵੇ ਅਤੇ ਏਸ਼ੀਆ, ਅਫਰੀਕਾ ਤੇ ਲਾਤੀਨੀ ਅਮਰੀਕਾ ਤੋਂ ਵੀ ਯੂਰਪੀਅਨ ਖਾਸ ਕਰ ਐਂਗਲੋ ਸੈਕਸਨ ਵਾਂਗ ਹੀ ਸਲੂਕ ਤੇ ਆਉਣ ਵਿਚ ਸਹੂਲਤ ਦਿਤੀ ਜਾਵੇ। ਹੁਣ ਸਭ ਆਪਣੇ ਆਪਣੇ ਥਾਂ ਅਤੇ ਏਕਤਾ ਨਾਲ ਇਹਨਾਂ ਬਿਲਾਂ ਦਾ ਡਟ ਕੇ ਵਿਰੋਧ ਕਰੋ। ●


## ਭਾਰਤੀ ਆਰਟ ਜਿਊਲਰ

**ਸੋਹਣੇ ਗਹਿਣੇ ਭਾਰਤੀ ਡਿਜ਼ਾਇਨਾਂ ਵਿੱਚ ਬਣਾਉਣ ਲਈ ਸਾਡੀ ਦੁਕਾਨ ਤੇ ਆਕੇ ਦਰਸ਼ਨ ਦਿਓ।**

ਅਸੀਂ ਈਸਟ ਇੰਡੀਅਨ ਗਹਿਣੇ ਬਣਾਉਣ 'ਚ ਮਾਹਰ ਅਤੇ ਕਰਾਫਟਵੇਅਰ, ਓਰੀਐਂਟਲ, ਚਾਂਦੀ ਸੋਨੇ ਦੇ ਗਹਿਣਿਆਂ ਦੀ ਮੁਰੰਮਤ ਵੀ ਕਰਦੇ ਹਾਂ। ਅਸੀਂ ਕੰਨਾਂ ਤੇ ਨੱਕ ਲਈ ਪਿੰਜਣ ਵੀ ਬਣਾਉਂਦੇ ਹਾਂ।

**BHARTI ART JEWELLERS**

**6524 MAIN STREET, VANCOUVER B.C.**

**Bus 327-8711 Res. 879-5610**


# ਲੌਂਗੋਵਾਲ ਦਾ ਸਰਬ ਪਾਰਟੀ ਇਕੱਠ

ਸ਼ਹੀਦ ਸੰਤ ਹਰਚੰਦ ਸਿੰਘ ਲੌਂਗੋਵਾਲ ਦੀ ਬਰਸੀ ਉੱਤੇ ਜਿਹੜਾ ਇਕੱਠ ਹੋਇਆ ਉਸਦੀ ਹਾਜ਼ਰੀ 50-60 ਹਜ਼ਾਰ ਦੇ ਨੇੜੇ ਤੇੜੇ ਸੀ ਅਤੇ ਅਖਬਾਰੀ ਖਬਰਾਂ ਅਨੁਸਾਰ ਇਹ ਇਕੱਠ ਬੜਾ ਹੀ ਪਰਭਾਵਸ਼ਾਲੀ ਸੀ। ਇਸ ਮੌਕੇ ਉਤੇ ਯੂ. ਏ. ਡੀ. ਨੂੰ ਛੱਡਕੇ ਬਾਕੀ ਸਭ ਸਿਆਸੀ ਪਾਰਟੀਆਂ ਦੇ ਆਗੂ ਮੌਜੂਦ ਸਨ ਅਤੇ ਉਹਨਾਂ ਵਲੋਂ ਆਪੋ ਆਪਣੀ ਦਿਖ ਅਨੁਸਾਰ ਸ਼ਹੀਦ ਸੰਤ ਹਰਚੰਦ ਸਿੰਘ ਲੌਂਗੋਵਾਲ ਨੂੰ ਸ਼ਰਧਾਂਜਲੀਆਂ ਭੇਂਟ ਕੀਤੀਆਂ ਗਈਆਂ।

ਭਾਂਵੇਂ ਇਹ ਇਕੱਠ ਸਰਕਾਰੀ ਪੱਧਰ ਉਤੇ ਬੁਲਾਇਆ ਗਿਆ ਸੀ ਪਰ ਇਹ ਸਰਕਾਰੀ ਸ਼ੋਅ ਨਹੀਂ ਸੀ। ਇਸ ਵਿਚ ਜਿੱਥੇ ਪੰਜਾਬ ਦੇ ਗਵਰਨਰ ਅਤੇ ਕੇਂਦਰੀ ਮੰਤਰੀ ਅਰਜਨ ਸਿੰਘ ਨੇ ਕੇਵਲ ਅੱਤਵਾਦ ਨੂੰ ਕੁਚਲਨ ਤਕ ਹੀ ਆਪਣੇ ਆਪ ਨੂੰ ਸੀਮਤ ਰਖਿਆ ਉਥੇ ਸਾਬਕਾ ਮੁਖਮੰਤਰੀ ਸੁਰਜੀਤ ਸਿੰਘ ਬਰਨਾਲਾ, ਸੀ. ਪੀ.ਆਈ.(ਐਮ) ਦੇ ਪੰਜਾਬ ਯੂਨਿਟ ਦੇ ਐਕਟਿੰਗ ਸੈਕਟਰੀ ਸਾਥੀ ਗੁਰਚਰਨ ਸਿੰਘ ਰੰਧਾਵਾ ਤੇ ਕੁਝ ਹੋਰ ਬੁਲਾਰਿਆਂ ਨੇ ਕੇਂਦਰ ਦੀ ਇਸ ਗਲ ਉਤੇ ਸਖਤੇ ਨੁਕਤਾ ਚੀਨੀ ਕੀਤੀ ਕਿ ਉਸ ਨੇ ਪੰਜਾਬ ਮਸਲੇ ਦਾ ਸਿਆਸੀ ਹੱਲ ਲਟਕਾਕੇ ਹਾਲਾਤ ਖਰਾਬ ਕੀਤੇ। ਇਸ ਗਲ ਉਤੇ ਵੀ ਜ਼ੋਰ ਦਿਤਾ ਗਿਆ ਕਿ ਕੇਂਦਰ ਪੰਜਾਬ ਸਮਝੌਤਾ ਲਾਗੂ ਕਰੇ।

ਇਹ ਗਲ ਸਾਰੇ ਹੀ ਜਾਣਦੇ ਹਨ ਕਿ ਕੇਂਦਰੀ ਮੰਤਰੀ ਸ੍ਰੀ ਅਰਜਨ ਸਿੰਘ ਪੰਜਾਬ ਦੇ ਗਵਰਨਰ ਰਹਿ ਚੁਕੇ ਹਨ ਤੇ ਉਹਨਾਂ ਨੇ ਪੰਜਾਬ ਸਮਝੌਤਾ ਕਰਾਉਣ ਵਿਚ ਅਹਿਮ ਰੋਲ ਅਦਾ ਕੀਤਾ ਸੀ। ਇਸ ਪਹਿਲੂ ਤੋਂ ਜਦੋਂ ਪਰੈਸ ਵਿਚ ਇਹ ਖਬਰ ਆਈ ਸੀ ਕਿ ਉਹ ਵੀ ਸੰਤ ਹਰਚੰਦ ਸਿੰਘ ਲੌਂਗੋਵਾਲ ਦੀ ਸ਼ਹੀਦੀ ਬਰਸੀ ਤੇ ਪੁਜ ਰਹੇ ਹਨ ਤਾਂ ਇਸ ਗਲ ਦੀ ਭਾਰੀ ਆਸ ਕੀਤੀ ਜਾਂਦੀ ਸੀ ਕਿ ਉਹ ਜਰੂਰ ਕੋਈ ਨਾ ਕੋਈ ਐਲਾਨ ਕਰਨਗੇ ਪਰ ਉਹਨਾਂ ਨੇ ਪੰਜਾਬ ਸਮਝੌਤਾ ਲਾਗੂ ਕਰਨ ਬਾਰੇ ਇਕ ਵੀ ਗਲ ਨਾ ਕਹੀ।

ਜੇ ਸ਼ਹੀਦ ਸੰਤ ਹਰਚੰਦ ਸਿੰਘ ਲੌਂਗੋਵਾਲ ਦੀ ਸ਼ਹਾਦਤ ਤੋਂ ਦੋ ਸਾਲ ਪਿਛੋਂ ਪੰਜਾਬ ਸਮਝੌਤੇ ਦੀ ਹਾਲੇ ਤਕ ਇਕ ਵੀ ਮੱਦ ਪੂਰੀ ਤਰ੍ਹਾਂ ਲਾਗੂ ਨਹੀਂ ਹੋਈ ਤਾਂ ਨਿਸਚੇ ਹੀ ਉਹਨਾਂ ਸਭਨਾਂ ਨੂੰ ਨਿਰਾਸ਼ਾ ਹੀ ਹੋਈ ਹੈ ਜਿਹੜੇ ਕਿ ਪੰਜਾਬ ਸਮਝੌਤੇ ਦੇ ਹਮਾਇਤੀ ਹਨ।

ਅਜੋਕੀ ਅਵਸਥਾ ਵਿਚ ਲੋੜਾਂ ਦੀ ਲੋੜ ਇਹ ਹੈ ਕਿ ਜਿਥੇ ਸੂਬੇ ਅੰਦਰ ਫਿਰਕੂ ਏਕਤਾ ਅਤੇ ਅਮਨ ਲਈ ਅਤੇ ਅੱਤ-ਵਾਦ-ਵੱਖਵਾਦ ਵਿਰੁਧ ਸਰਬ ਸਾਂਝੀ ਮੁਹਿੰਮ ਚਲਾਉਣ ਲਈ ਉਪਰਾਲੇ ਕੀਤੇ ਜਾਣ ਉਥੇ ਨਾਲ ਦੀ ਨਾਲ ਕੇਂਦਰ ਉੱਤੇ ਪੰਜਾਬ ਸਮਝੌਤਾ ਲਾਗੂ ਕਰਾਉਣ ਲਈ ਦਬਾਅ ਵੀ ਵਧਾਇਆ ਜਾਵੇ।

ਕੇਂਦਰੀ ਸਰਕਾਰ ਨੂੰ ਪੰਜਾਬ ਦੇ ਮਸਲੇ ਨੂੰ ਕੇਵਲ ਅਮਨ ਕਾਨੂੰਨ ਦਾ ਮਸਲਾ ਹੀ ਨਹੀਂ ਸਮਝਣਾ ਚਾਹੀਦਾ ਸਗੋਂ ਇਸ ਨੂੰ ਨਾਲ ਦੀ ਨਾਲ ਸਿਆਸੀ ਮਸਲਾ ਸਮਝਦਿਆਂ ਇਸਦੇ ਸਿਆਸੀ ਹੱਲ ਨੂੰ ਕਿਸੇ ਵੀ ਤਰ੍ਹਾਂ ਲਟਕਾਉਣਾ ਨਹੀਂ ਚਾਹੀਦਾ।

ਚੰਗਾ ਹੁੰਦਾ ਜੇ ਸ਼ਹੀਦ ਲੌਂਗੋਵਾਲ ਦੀ ਸ਼ਹੀਦੀ ਬਰਸੀ ਉਤੇ ਕੇਂਦਰੀ ਸਰਕਾਰ ਕੋਈ ਅਜੇਹਾ ਐਲਾਨ ਕਰਦੀ ਜਿਸ ਨਾਲ ਪੰਜਾਬੀ ਲੋਕਾਂ ਨੂੰ ਇਹ ਆਸ ਬਝਦੀ ਕਿ ਪੰਜਾਬ ਮਸਲਾ ਹੁਣ ਛੇਤੀ ਕਿਸੇ ਸਿਰੇ ਲੱਗ ਜਾਵੇਗਾ। ●

# ਸੀ. ਪੀ. ਆਈ (ਐਮ) ਜਨ ਸੰਪਰਕ ਮੁਹਿੰਮ

## ..ਲਾਲ ਝੰਡਿਆਂ ਪੰਜਾਬ ਢੱਕ ਦਿੱਤਾ

ਸੀ. ਪੀ. ਆਈ. (ਐਮ) ਦੇ ਪੰਜਾਬ ਯੂਨਿਟ ਵਲੋਂ ਦੇਸ ਦੀ ਏਕਤਾ ਤੇ ਅਖੰਡਤਾ ਦੀ ਰਾਖੀ ਅਤੇ ਫਿਰਕੂ ਸਦਭਾਵਨਾ ਦੀ ਰਾਖੀ ਵਾਸਤੇ ਜਿਹੜੀ ਜਨ ਸੰਪਰਕ ਮੁਹਿੰਮ 15 ਅਗਸਤ ਤੋਂ 21 ਅਗਸਤ ਤਕ ਸੂਬੇ ਭਰ ਵਿਚ ਚਲਾਈ ਗਈ ਉਹ ਸਫਲਤਾ ਪੂਰਨ ਸਮਾਪਤ ਹੋ ਗਈ ਹੈ।

ਇਸ ਮੁਹਿੰਮ ਦੇ ਜਿਹੜੇ ਟੀਚੇ ਮਿੱਥੇ ਗਏ ਸਨ ਕੇਵਲ ਉਹ ਹੀ ਪੂਰੇ ਨਹੀਂ ਹੋਏ ਸਗੋਂ ਇਹ ਮਿਥੇ ਨਿਸ਼ਾਨਿਆਂ ਤੋਂ ਵੀ ਅੱਗੇ ਨਿਕਲ ਗਈ ਹੈ।

ਇਹ ਮੁਹਿੰਮ ਪੰਦਰਾਂ ਅਗਸਤ ਨੂੰ ਆਜ਼ਾਦੀ ਦਿਵਸ ਦੇ ਮੌਕੇ 'ਤੇ ਜ਼ਿਲਿਆਂ ਵਿਚ ਵੱਖ ਵੱਖ ਅਹਿਮ ਕੇਂਦਰਾਂ ਵਿਚ ਵਿਸ਼ਾਲ ਰੈਲੀਆਂ ਨਾਲ ਆਰੰਭ ਹੋਈ ਜਿਨ੍ਹਾਂ ਵਿਚੋਂ ਤੁਰੇ ਜਥਿਆਂ ਨੇ ਜਿਥੇ ਅਥਾਹ ਕੁਰਬਾਨੀਆਂ ਨਾਲ ਪ੍ਰਾਪਤ ਕੀਤੀ ਆਜ਼ਾਦੀ ਦੀ ਹਰ ਕੀਮਤ ਤੇ ਰਾਖੀ ਕਰਨ ਦੇ ਅਹਿਦ ਕੀਤੇ ਓਥੇ ਸਾਮਰਾਜੀ ਸ਼ਹਿ ਤੇ ਮਦਦ ਪ੍ਰਾਪਤ ਅੱਤਵਾਦੀ-ਵੱਖਵਾਦੀ ਤੱਤਾਂ ਨੂੰ ਹਾਰ ਦੇਣ ਲਈ ਛਟਕੇ ਸੰਗਰਾਮ ਵਿਚ ਕੁਦਣ ਦੇ ਵੀ ਤਹੱਈਏ ਕੀਤੇ ਗਏ ਅਤੇ ਪੰਜਾਬੀ ਲੋਕਾਂ ਨੂੰ ਉਹਨਾਂ ਦੇ ਸਾਮਰਾਜ-ਵਾਦ ਵਿਰੋਧੀ ਸ਼ਾਨਦਾਰ ਵਿਰਸੇ ਨੂੰ ਟੁੰਬਣ ਦਾ ਵੀ ਤਹੱਈਆ ਕੀਤਾ।

ਪੰਜਾਬ ਭਰ ਵਿਚ ਕੁਲ 18 ਜਥਿਆਂ ਨੇ ਮਾਰਚ ਕੀਤਾ ਜਿਨ੍ਹਾਂ ਦੀ ਗਿਣਤੀ 150 ਤੋਂ ਲੈ ਕੇ 250 ਤਕ ਸੀ। ਕੁਝ ਜ਼ਿਲਿਆਂ ਵਿਚ ਜਥਿਆਂ ਦੀ ਗਿਣਤੀ 300 ਤਕ ਵੀ ਪੁਜ ਗਈ।

ਇਹਨਾਂ ਜਥਿਆਂ ਨੇ ਕੁਲ ਮਿਲਾਕੇ ਪੰਜਾਬ ਦੇ 2800 ਪਿੰਡਾਂ ਤਕ ਪਹੁੰਚ ਕੀਤੀ ਅਤੇ ਮੁਖੀ ਕਸਬਿਆਂ ਤੇ ਸ਼ਹਿਰਾਂ ਨੂੰ ਵੀ ਆਪਣੇ ਪ੍ਰੋਗਰਾਮ ਵਿਚ ਸ਼ਾਮਲ ਕੀਤਾ।

ਜਨ ਸੰਪਰਕ ਮੁਹਿੰਮ ਵਿਚ ਨਿਕਲੇ ਇਹਨਾਂ ਜਥਿਆਂ ਦਾ ਥਾਂ ਥਾਂ ਲੋਕਾਂ ਵਲੋਂ ਭਰਪੂਰ ਸੁਆਗਤ ਕੀਤਾ ਗਿਆ ਅਤੇ ਨੋਟਾਂ ਦੇ ਹਾਰ ਤੇ ਥੈਲੀਆਂ ਭੇਂਟ ਕੀਤੀਆਂ ਗਈਆਂ। ਹਰ ਥਾਂ ਲੋਕਾਂ ਦੀਆਂ ਅੱਖਾਂ ਵਿਚ ਮਾਰਚ ਕਰ ਰਹੇ ਜਥਿਆਂ ਲਈ ਅਥਾਹ ਸਤਿਕਾਰ ਦੀ ਝਲਕ ਸਾਫ ਨਜ਼ਰ ਆ ਰਹੀ ਸੀ।

ਜਥਿਆਂ ਦੇ ਸੁਆਗਤ ਲਈ ਰਾਤ ਦੇ ਪੜਾਵਾਂ ਵਾਲੇ ਨਗਰਾਂ ਨੇ ਭਰ-ਪੂਰ ਉਪਰਾਲੇ ਕੀਤੇ ਘਰ ਘਰ ਤੋਂ ਫੰਡ ਇਕੱਠਾ ਕਰਕੇ ਦਿੱਤਾ। ਔਰਤਾਂ ਤੇ ਬਚਿਆਂ ਨੇ ਲੰਗਰ ਛਕਾਉਣ 'ਚ ਭਾਰੀ ਜੋਸ਼ ਤੇ ਸ਼ਰਧਾ ਦਿਖਾਈ। ਕਸਬਿਆਂ ਵਿਚ ਤਾਂ ਜਥਿਆਂ ਦਾ ਸੁਆਗਤ ਕਰਨ ਲਈ ਆਮ ਲੋਕ ਵੱਡੀ ਗਿਣਤੀ ਵਿਚ ਗਲੀਆਂ ਬਾਜ਼ਾਰਾਂ ਵਿਚ ਨਿਕਲੇ ਵੇਖੇ ਗਏ।

ਲਾਲ ਝੰਡਿਆਂ ਦੀ ਛਾਂ ਹੇਠ ਜਥਿਆਂ ਦਾ ਮਾਰਚ ਵੇਖਕੇ ਲੋਕਾਂ ਵਿਚ ਇਕ ਨਵਾਂ ਉਤਸ਼ਾਹ ਤੇ ਹੌਂਸਲਾ ਵੇਖਿਆ ਗਿਆ। ਇਸ ਤੋਂ ਬਿਨਾਂ ਸੀ. ਪੀ ਆਈ. (ਐਮ) ਵਲੋਂ ਪੰਜਾਬ ਮਸਲੇ ਬਾਰੇ ਤੇ ਪੰਜਾਬ 'ਚ ਆਮ ਵਰਗੀ ਹਾਲਤ ਪੈਦਾ ਕਰਨ ਦੀ ਪੇਸ਼ ਕੀਤੀ ਗਈ ਪਹੁੰਚ ਤੇ ਹੱਲ ਦੀ ਲੋਕਾਂ ਵਲੋਂ ਭਰਪੂਰ ਸ਼ਲਾਘਾ ਕੀਤੀ ਗਈ।

ਜਥਿਆਂ ਦਾ ਏਨਾ ਨਿੱਘਾ ਅਤੇ ਭਰਪੂਰ ਸਆਗਤ ਇਸ਼ ਗਲ ਦਾ ਪ੍ਰਤੀਕ ਹੈ ਕਿ ਆਮ ਲੋਕ ਖਾਲਿਸਤਾਨੀ ਦਹਿਸ਼ਤ-ਗਰਦਾਂ ਦੇ ਵਿਰੁੱਧ ਹੀ ਨਹੀਂ ਹਨ ਸਗੋਂ ਉਹ ਇਹਨਾਂ ਵਿਰੁੱਧ ਸਖਤ ਘਿਰਨਾ ਵੀ ਕਰਦੇ ਹਨ ਅਤੇ ਅਮਨ ਚਾਹੁੰਦੇ ਹਨ, ਭਾਵੇਂ ਕਿ ਉਹ ਖੁਲ੍ਹਕੇ ਮੈਦਾਨ ਵਿਚ ਨਹੀਂ



ਕਸਬਾ ਗੁਰਾਇਆਂ (ਜਲੰਧਰ) ਵਿਖੇ ਅਮਨ ਮਾਰਚ ਕਰ ਰਿਹਾ ਜਥਾ ਜਿਸ ਵਿਚ ਸੀ. ਪੀ. ਐਮ ਆਗੂ ਸਾਥੀ ਗੁਰਚਰਨ ਸਿੰਘ ਰੰਧਾਵਾ ਵੀ ਵਖਾਈ ਦੇ ਰਹੇ ਹਨ

ਨਿਤਰੇ ।

ਜਥਿਆਂ ਦੇ ਮਾਰਚ ਸਮੇਂ ਤੋਂ ਲੈ ਕੇ ਜਿਹੜੇ ਵੀ ਜਲਸੇ ਤੇ ਰੈਲੀਆਂ ਹੋਈਆਂ ਉਹਨਾਂ ਵਿਚ ਲੋਕਾਂ ਨੇ ਸੀ. ਪੀ. ਆਈ. (ਐਮ) ਵਲੋਂ ਪੇਸ਼ ਕੀਤੀ ਗਈ ਲਾਈਨ ਨੂੰ ਬੜੇ ਹੀ ਧਿਆਨ ਨਾਲ ਸੁਣਿਆਂ ।

ਸੀ. ਪੀ. ਆਈ (ਐਮ) ਨੇ ਮੁਹਿੰਮ ਦੌਰਾਨ ਜਿਥੇ ਲੋਕਾਂ ਨੂੰ ਫਿਰਕੂ ਏਕਤਾ ਅਤੇ ਰਵਾਇਤੀ ਭਾਈਚਾਰਾ ਬਣਾਈ ਰਖਣ ਦੀਆਂ ਅਪੀਲਾਂ ਕੀਤੀਆਂ ਓਥੇ ਪੰਜਾਬ 'ਚ ਆਮ ਵਰਗੀ ਸਥਿਤੀ ਦੀ ਬਹਾਲੀ ਲਈ ਇਹ ਤਿੰਨ ਨੁਕਾਤੀ ਫਾਰਮੂਲਾ ਪੇਸ਼ ਕੀਤਾ :

(1) ਕੇਂਦਰ ਪੰਜਾਬ ਸਮਝੌਤੇ ਦੇ ਆਧਾਰ ਤੇ ਪੰਜਾਬ ਮਸਲੇ ਦਾ-ਰਾਜਨੀਤਕ ਹੱਲ ਕਰੇ ।

2) ਵੱਖਵਾਦੀ-ਅੱਤਵਾਦੀ ਅਤੇ ਹਰ ਪਰਕਾਰ ਦੇ ਫਿਰਕਾਪ੍ਰਸਤਾਂ ਵਿਰੁੱਧ ਸਾਂਝੀ ਜਨਤਕ ਲਹਿਰ ਉਸਾਰੀ ਜਾਵੇ ।

3) ਖਾਲਿਸਤਾਨੀ ਦਹਿਸ਼ਗਰਦਾਂ ਵਿਰੁੱਧ ਦ੍ਰਿੜ ਤੇ ਪ੍ਰਭਾਵਸ਼ਾਲੀ ਪ੍ਰਸਾਸ਼ਕੀ ਕਦਮ ਉਠਾਏ ਜਾਣ ।

ਸੀ. ਪੀ. ਆਈ. (ਐਮ) ਦੀ ਇਸ ਮੁਹਿੰਮ ਦੌਰਾਨ ਜਿੱਥੇ ਯੂ. ਏ. ਡੀ. ਆਗੂ ਅਤੇ ਮੁਖ ਜਥੇਦਾਰ ਪ੍ਰੋ: ਦਰਸ਼ਨ ਸਿੰਘ ਦੇ ਰੋਲ ਦੀ ਨੁਕਤਾਚੀਨੀ ਕੀਤੀ ਗਈ ਉਥੇ ਕੇਂਦਰ ਦੀ ਤੰਗ ਰਾਜਸੀ ਹਿੱਤਾਂ ਖਾਤਰ ਪੰਜਾਬ ਮਸਲੇ ਦਾ ਹੱਲ ਲਟਕਾਉਣ ਅਤੇ ਅੱਤਵਾਦੀਆਂ ਨੂੰ ਪਤਿਆਉਣ ਦੀ ਪਾਲਸੀ ਦੀ ਵੀ ਭਰਪੂਰ ਆਲੋਚਨਾ ਕੀਤੀ ਗਈ ਅਤੇ ਇਹ ਗਲ ਆਖੀ ਗਈ ਕਿ ਕੇਂਦਰ ਦੇ ਰੋਲ ਨੇ ਪੰਜਾਬ ਦੇ ਹਾਲਾਤ ਵਿਗਾੜੇ ਹਨ, ਕੇਂਦਰ 'ਤੇ ਇਸਦੀ ਮੁਖ ਜ਼ਿੰਮੇਂਵਾਰੀ ਆਉਂਦੀ ਹੈ ਅਤੇ ਇਸ ਕਾਰਨ ਹੀ ਸਾਮਰਾਜੀਆਂ ਤੇ ਪਾਕਿਸਤਾਨ ਦੀ ਫੌਜੀ ਜੁੰਡੀ ਨੂੰ ਦਖਲ-ਅੰਦਾਜ਼ੀ ਹੋਰ ਵਧਾਉਣ ਦਾ ਮੌਕਾ ਮਿਲਿਆ ਹੈ ।

ਮੁਹਿੰਮ ਦੌਰਾਨ ਬੁਲਾਰਿਆਂ ਨੇ ਅਕਾਲ ਤਖਤ ਦੇ ਜਥੇਦਾਰ ਪ੍ਰੋ: ਦਰਸ਼ਨ ਉੱਤੇ ਇਸ ਗਲ ਲਈ ਵੀ ਜ਼ੋਰ ਦਿੱਤਾ ਕਿ ਉਹ ਅਗਿਆਤਵਾਸ ਵਿਚ ਜਾਣ ਦੀ ਥਾਂ ਜਨਸਮੂਹਾਂ ਵਿਚ ਜਾ ਕੇ ਦਸਣ ਕਿ ਗੋਲੀ ਦੀ ਥਾਂ ਗਲਬਾਤ ਦਾ ਰਾਹ ਹੀ ਸਿਆਣਪ ਹੈ ।

ਮੁਹਿੰਮ ਦੌਰਾਨ ਇਸ ਗਲ ਤੇ ਵੀ ਜ਼ੋਰ ਦਿੱਤਾ ਗਿਆ ਕਿ ਸਿੱਖ ਫਿਰਕੇ ਦੇ ਮੁਖੀ ਸ੍ਰੀ ਹਰਮੰਦਰ ਸਾਹਿਬ ਕੰਪਲੈਕਸ ਅਤੇ ਦੂਜੇ ਗੁਰਦਵਾਰਿਆਂ ਦੀ ਰਾਸ਼ਟਰ-ਵਿਰੋਧੀ ਸਰਗਰਮੀਆਂ ਲਈ ਵਰਤੋਂ ਦੀ ਆਗਿਆ ਨਾ ਦੇਣ ।

ਇਸ ਮੁਹਿੰਮ ਦੌਰਾਨ ਇਹ ਗਲ ਵੀ ਡਟਕੇ ਉਚੀ ਕੀਤੀਗਈ ਕਿ ਜਿਸ ਤਰਾਂ ਅਸੀਂ ਪਹਿਲਾਂ ਕਿਹਾ ਸੀ ਕਿ ਪੰਜਾਬ ਮਸਲਾ ਨਿਰਾ ਲਾਅਐਂਡ ਆਰਡਰ ਮਸਲਾ ਨਹੀਂ ਪ੍ਰਧਾਨਗੀ ਰਾਜਫੇਲ ਹੋਇਆ ਹੈਅਤੇ ਜਿਹੜੇ ਲੋਕ ਪੰਜਾਬ ਨੂੰ ਫੌਜ ਦੇ ਹਵਾਲੇ ਕਰਨ ਦੀ ਮੰਗ ਕਰ ਰਹੇ ਹਨ ਉਹ ਗਲਤ ਹਨ । ਇਸ ਗਲ ਉਤੇ ਜ਼ੋਰ ਦਿੱਤਾ ਗਿਆ ਕਿ ਪੰਜਾਬ ਮਸਲਾ ਸਿਆਸੀ ਹੈ ਅਤੇ ਇਸਦੇ ਸਿਆਸੀ ਹੱਲ ਲਈ ਸਮੂਹ ਪੰਜਾਬੀ ਲੋਕਾਂ ਅਤੇ ਸਭਨਾਂ ਹੀ ਦੇਸ਼ਭਗਤ ਤੇ ਧਰਮ ਨਿਰਪੱਖ ਸ਼ਕਤੀਆਂ ਅਤੇ ਪਾਰਟੀਆਂ ਨੂੰ ਰਲਕੇ ਕੇਂਦਰ ਤੇ ਜਨਤਕ ਦਬਾਅ ਪਾਉਣਾ ਚਾਹੀਦਾ ਹੈ ।

ਸੀ. ਪੀ. ਆਈ (ਐਮ) ਵਲੋਂ ਪੇਸ਼ ਕੀਤੀ ਗਈ ਲਾਈਨ ਨੂੰ ਹਰ ਥਾਂ ਹੀ ਲੋਕਾਂ ਨੇ ਬੜੇ ਧਿਆਨ ਨਾਲ ਸੁਣਿਆਂ ।

ਸੀ. ਪੀ. ਆਈ. (ਐਮ) ਵਲੋਂ ਚਲਾਈ ਗਈ ਮੁਹਿੰਮ ਨੂੰ ਮਿਲੇ ਜਨਤਕ ਹੁੰਘਾਰੇ ਤੋਂ ਇਹ ਸਿੱਟਾ ਵੀ ਨਿਕਲਦਾ ਹੈ ਕਿ ਜੇਕਰ ਸਾਰੀਆਂ ਹੀ ਦੇਸ ਭਗਤ ਤੇ ਸੈਕੂਲਰ ਪਾਰਟੀਆਂ ਰਲਕੇ ਖਾਲਿਸਤਾਨੀ ਦਹਿਸ਼ਤਗਰਦਾਂ ਵਿਰੁੱਧ ਅਤੇ ਫਿਰਕੂ ਏਕਤਾ ਲਈ ਮੁਹਿੰਮ ਚਲਾਉਣ ਤਾਂ ਪੰਜਾਬ ਦੇ ਹਾਲਾਤ ਨੂੰ ਚੰਗੇ ਪਾਸੇ ਵੱਲ ਮੋੜਾ


**VICKY CONSTRUCTION CO.**

- Vinyl Siding
- Soffits and all Finishing Jobs
- Free Estimate

**Ph. (604) 581-6506** (after 8 p.m.)

**Star Drywall Construction Co. Ltd.**

- Complete Drywall Service
- Guaranteed Work
- Free Estimates

**Sahib or Nake**

**Ph. (604) 589-4830**

P.O.BOX 639
SURREY, B.C. V3T 5L9

**Westminster Chevrolet - Oldsmobile**

1983 ਦੇ GM ਦੇ ਗਰੈਂਡ ਸੇਲਜ਼ ਮਾਸਟਰ!

• ਚੰਗੀ ਕਾਰ • ਵਧੀਆ ਡੀਲ • ਤਜਰਬੇਕਾਰ ਸੇਲਜ਼



ਕਾਰ, ਵੈਨ ਜਾਂ ਟਰੱਕ ਖ਼ਰੀਦਣ ਤੋਂ ਪਹਿਲਾਂ ਆਪਣੇ ਪਿਆਰੇ ਸੇਲਜ਼ਮੈਨ ਕਨਸਲਟੈਂਟ

ਗੁਰਜੀਤ ਸਿੰਘ ਢੀਂਡਸਾ ਨੂੰ ਮਿਲੋ

GM

Bus. 521-7731 Pager 687-1985 #5531

ਗੁਰਜੀਤ ਬਾਵਾ ਢੀਂਡਸਾ

Gurjit (Bawa) Dhindsa



12th. Street at Queens Ave., New Westminster, B.C.

# PAUL'S

PLUMBING, ELECTRICAL & HEATING SUPPLY





Plumbing & Bathroom Fixtures & Supplies Hot Water Tanks

Hot Water Heating & Supplies And Instalations

4774 MAIN ST. AT 32ND Vancouver
PH. 872-3118 , 872-7227
OPEN SUNDAYS

# ਬੰਬੇ ਸਵੀਟਸ ਮੈਨੂਫੈਕਚਰਰ ਇਨਕ

ਮਠਿਆਈਆਂ ਦੀ ਸਭ ਤੋਂ ਵੱਡੀ ਦੁਕਾਨ!

**BOMBAY SWEETS MANUFACTURER INC.**

6556 —6560 MAIN (at 49th.Ave.)
VANCOUVER, B.C. V5X 3G9
Tel. (604) 321-1414
Or 874-5722

$2.50 / ਪੌਂਡ ਵਾਲੀਆਂ ਜਲੇਬੀਆਂ $1.00

$2.50 / ਪੌਂਡ ਵਾਲੇ ਲੱਡੂ $1.75

CONTACT:

**NARESH SHUKLA & BROS.**

TOTALLY

GM

# *AWESOME*

ਨਵੀਂ ਜਾਂ ਪੁਰਾਣੀ ਕਾਰ ਲੱਭ ਰਹੇ ਹੋ?

ਵਧੀਆ ਕੀਮਤ, ਚੰਗੀ ਸਰਵਿਸ ਤੇ FREE SMILE, ਕਾਰ ਨਵੀਂ ਲਵੋ ਜਾਂ ਪੁਰਾਣੀ, ਹਰ ਕਾਰ ਤੇ ਗਰੰਟੀ, ਲੋਨ ਦਾ ਪੂਰਾ ਇੰਤਜ਼ਾਮ, ਤੁਹਾਡੀ ਪੁਰਾਣੀ ਕਾਰ ਦੇ ਟਰੇਡ - ਇਨ ਵਿਚ ਚੰਗੇ ਪੈਸੇ, ਤੁਹਾਡੇ ਆਪਣੇ ਹੀ ਜਾਣੇ ਪਛਾਣੇ ਸੇਲਜ਼ਮੈਨ ਸੁਖੀ ਬਾਠ ਹੁਰੀਂ ਟਾਊਨ ਸੈਂਟਰ ਤੇ ਦੁਆ ਸਕਦੇ ਹਨ। 150 ਤੋਂ ਵੱਧ ਪੁਰਾਣੀਆ, 300 ਤੋਂ ਵੱਧ ਨਵੀਆਂ ਕਾਰਾਂ, ਟਰੱਕ ਹਨ।



TOWN CENTRE CHEVROLET OLDSMOBILE LTD.

15250 - 104th. AVE., SURREY, B.C. V3R 6N8

## CAMARO



- 5 Speed Transmission
- 2.8 L Engine
- Rear Defroster
- Eagle GT Tires
- Rally Wheels

1 ROC CAMARO LT
FROM $12,856
35 CAMARO AVAILABLE

ਸੁਖੀ ਬਾਠ
BUS. 584-7411 DIRECT PAGER: 645-3597

ਹੋਰ ਜਾਣਕਾਰੀ ਲਈ ਅੱਜ ਹੀ ਮਿਲੋ ਜਾਂ ਫੋਨ ਕਰੋ

PHONE (604) 584-7411

# TOOR SPICES

6669 FRASER ST., VANCOUVER, B.C.
PH. 324-3432

ਵਿਆਹ ਸ਼ਾਦੀ, ਅਖੰਡ ਪਾਠਾਂ ਆਦਿ ਲਈ ਗਰੌਸਰੀ ਖਰੀਦਣ ਤੇ ਸਪੈਸ਼ਲ ਡਿਸਕਾਊਂਟ ਹੋਵੇਗਾ

# SINGH FOODS

6684 MAIN ST., (AT 51st. AVE.) VANCOUVER, B.C.
PH. 327-4911



ਤਲਵਾੜਾ ਵਿਖੇ ਸੀ.ਪੀ.ਆਈ. (ਐਮ) ਦੀ ਹੁਸ਼ਿਆਰਪੁਰ ਜ਼ਿਲਾ ਕਮੇਟੀ ਦੀ ਜਨ ਸੰਪਰਕ ਮੁਹਿੰਮ ਦੇ ਆਰੰਭ ਸਮੇਂ ਹੋਈ ਰੈਲੀ ਨੂੰ ਸਾਥੀ ਦਲੀਪ ਸਿੰਘ ਜੌਹਲ ਮੈਂਬਰ ਸੂਬਾ ਸਕੱਤਰੇਤ ਸੰਬੋਧਨ ਕਰ ਰਹੇ ਹਨ।

ਦਿੱਤਾ ਜਾ ਸਕਦਾ ਹੈ ਅਤੇ ਦੇਸ਼ ਨੂੰ ਟੁਕੜੇ ਟੁਕੜੇ ਕਰਨ ਦੀਆਂ ਸਾਮਰਾਜੀ ਸਾਜ਼ਸ਼ਾਂ ਨੂੰ ਫੇਲ੍ਹ ਕੀਤਾ ਜਾ ਸਕਦਾ ਹੈ।

ਇਸ ਮੁਹਿੰਮ ਦੌਰਾਨ ਲੋਕਾਂ ਵਿਚ ਇਹ ਗਲ ਵੀ ਲੈਜਾਈ ਗਈ ਕਿ ਜੇ ਕੇਂਦਰ ਪੰਜਾਬ ਮਸਲੇ ਦਾ ਸਿਆਸੀ ਹੱਲ ਕਰ ਦੇਵੇ ਤਾਂ ਦੇਸ-ਧਰੋਹੀ ਅੱਤਵਾਦੀ-ਵੱਖਵਾਦੀ ਤੱਤਾਂ ਨੂੰ ਸਿਖ ਜਨ ਸਮੂਹ ਵਿਚੋਂ ਬੁਰੀ ਤਰਾਂ ਨਖੇੜਿਆ ਜਾ ਸਕਦਾ ਹੈ।

ਮੁਹਿੰਮ ਦੌਰਾਨ ਕਿਸਾਨਾਂ ਤੇ ਖੇਤ ਮਜ਼ਦੂਰਾਂ ਦੀਆਂ ਭਖਦੀਆਂ ਮੰਗਾਂ ਵੀ ਪ੍ਰਚਾਰੀਆਂ ਗਈਆਂ ਜਿਹਨਾਂ ਵਾਸਤੇ ਕੁਲ ਹਿੰਦ ਕਿਸਾਨ ਸਭਾ ਅਤੇ ਕੁਲ ਹਿੰਦ ਖੇਤ ਮਜ਼ਦੂਰ ਯੂਨੀਅਨ ਵਲੋਂ 7 ਤੋਂ 13 ਸਤੰਬਰ ਤੱਕ ਦੇਸ਼ ਵਿਆਪੀ ਜੇਲ੍ਹ ਭਰੋ ਅੰਦੋਲਨ ਅਰੰਭ ਕੀਤਾ ਜਾ ਰਿਹਾ ਹੈ।

ਸੀ. ਪੀ. ਆਈ. (ਐਮ) ਦੀ ਇਹ ਸੱਤ ਦਿਨਾਂ ਜਨ ਸੰਪਰਕ ਮੁਹਿੰਮ ਇਸ ਨਾਹਰੇ ਨਾਲ ਸਮਾਪਤ ਹੋਈ ਹੈ ਕਿ ਪੰਜਾਬ ਮਸਲੇ ਦੀ ਕੁੰਜੀ ਵਿਸ਼ਾਲ ਜਨਤਕ ਲਾਮਬੰਦੀ ਹੈ—ਇਕ ਪਾਸੇ ਕੇਂਦਰ ਉੱਤੇ ਇਸ ਗਲ ਲਈ ਦਬਾਅ ਪਾਇਆ ਜਾਵੇ ਕਿ ਉਹ ਪੰਜਾਬ ਮਸਲੇ ਦਾ ਛੇਤੀ ਰਾਜਸੀ ਹੱਲ ਕਰੇ ਤੇ ਦੂਜੇ ਪਾਸੇ ਸਾਮਰਾਜੀ ਸ਼ਹਿ ਤੇ ਮਦਦ ਪ੍ਰਾਪਤ ਅੱਤਵਾਦੀ-ਵੱਖਵਾਦੀ ਤੱਤਾਂ ਵਿਰੁੱਧ ਹੋਰ ਵੀ ਵਿਸ਼ਾਲ ਮੁਹਿੰਮ ਚਲਾਈ ਜਾਵੇ।

ਸੀ. ਪੀ. ਆਈ. (ਐਮ) ਵਲੋਂ ਚਲਾਈ ਗਈ ਇਸ ਮੁਹਿੰਮ ਦੀ ਸਫਲਤਾ 'ਤੇ ਜਿਥੇ ਪਾਰਟੀ ਦੇ ਮੈਂਬਰ, ਹਮਦਰਦ ਵਧਾਈ ਦੇ ਹੱਕਦਾਰ ਹਨ ਓਥੇ ਸਮੁੱਚੀ ਪੰਜਾਬੀ ਜਨਤਾ ਵੀ ਜਿਨ੍ਹਾਂ ਨੇ ਇਸ ਵਿਚ ਵਧ ਚੜ੍ਹਕੇ ਹਿੱਸਾ ਲਿਆ।

*—ਸੁਹੇਲ ਸਿੰਘ*

## ਸਭ ਤੋਂ ਨਿੱਕਾ ਵੀਡੀਓ

ਕੀ ਤੁਸੀਂ ਇਕ ਸੂਈ ਜਿੰਨੇ ਆਕਾਰ ਵਾਲੇ ਵੀਡੀਓ ਉਤੇ ਵਿਸ਼ਵਾਸ ਕਰ ਸਕਦੇ ਹੋ ? ਮਾਈਕਰੋਸਕੋਪ ਦੀ ਸਹਾਇਤਾ ਨਾਲ ਤੁਸੀਂ ਇਕ ਫਿਲਮ ਵਿਚ ਚਾਰਲੀਚੈਪਲਿਨ ਦੀ ਭਿਆਨਕ ਡਾਕੂਆਂ ਨਾਲ ਹੋ ਰਹੀ ਲੜਾਈ ਨੂੰ ਵੇਖ ਸਕਦੇ ਹੋ। ਇਸ ਵਿਧੀ ਦਾ ਖੋਜਕਰਤਾ ਆਰਮੇਨੀਆ (ਟਰਾਂਸ-ਕਾਕੇਸ਼ੀਆ) ਦਾ ਏਦੁਆਰਦ ਕਾਜ਼ਾਰੀਆਨ ਹੈ।


# CHIPS
## POULTRY & FARM PRODUCE
**3711 No.5 ROAD, RICHMOND, B.C.**

**ਕੁੱਕੜ ਦਾ, ਬੱਕਰੇ ਦਾ ਤੇ ਲੈਂਬ ਦਾ ਤਾਜ਼ਾ ਮੀਟ ਲੈਣ ਲਈ ਅੱਜ ਹੀ ਚਿਪਸ ਪੋਲਟਰੀ ਤੇ ਪਹੁੰਚੋ!**
**ਕੀਮਤਾਂ ਇੰਨੀਆਂ ਘੱਟ ਕਿ ਤੁਸੀਂ ਦੇਖ ਕੇ ਹੈਰਾਨ ਹੀ ਰਹਿ ਜਾਓਗੇ!**

**ਜ਼ਿਆਦਾ (Bulk Meat) ਖਰੀਦਣ ਤੇ ਭਾਰੀ ਡਿਸਕਾਊਂਟ ਦਿੱਤਾ ਜਾਵੇਗਾ!**

**FOR MORE INFORMATION**

**PHONE BABUL 278-0947**

# ਪਾਰਟੀ ਦੀ ਜਨ ਸੰਪਰਕ ਮੁਹਿੰਮ ਦੇ ਨਾਹਰੇ

(1) ਦੇਸ਼ ਦੀ ਏਕਤਾ ਤੇ ਅਖੰਡਤਾ ਦੀ ਰਾਖੀ ਕੌਣ ਕਰੇਗਾ
ਅਸੀਂ ਕਰਾਂਗੇ, ਅਸੀਂ ਕਰਾਂਗੇ।
(2) ਨਾ ਹਿੰਦੂ ਰਾਜ ਨਾ ਖਾਲਿਸਤਾਨ,
ਜੁਗ ਜੁਗ ਜੀਵੇ ਹਿੰਦੋਸਤਾਨ।
(3) ਟੋਟੇ ਟੋਟੇ ਹੋਣ ਨਹੀਂ ਦੇਣਾ
ਆਪਣਾ ਪਿਆਰਾ ਹਿੰਦੋਸਤਾਨ
ਲੋੜ ਪਈ ਤਾਂ ਵਾਰ ਦਿਆਂਗੇ
ਖਾਤਰ ਇਸਦੀ ਆਪਣੀ ਜਾਨ।
(4) ਜੀਆਂਗੇ ਜਾਂ ਮਰਾਂਗੇ
ਦੇਸ਼ ਦੀ ਰਾਖੀ ਕਰਾਂਗੇ।
(5) ਸਾਮਰਾਜੀ ਸਾਜ਼ਸ਼ਾਂ ਫੇਲ੍ਹ ਕਰੋ, ਫੇਲ੍ਹ ਕਰੋ।
(6) ਆਓ ਕਰੀਏ ਬੇਨਕਾਬ,
ਸਾਮਰਾਜੀ ਸ਼ੈਤਾਨ ਨੂੰ
ਟੋਟੇ ਕਰਨਾ ਚਾਹੇ
ਜਿਹੜਾ ਹਿੰਦੋਸਤਾਨ ਨੂੰ
(7) ਅੱਤਵਾਦ ਵਖਵਾਦ, ਮੁਰਦਾਬਾਦ
ਮੁਰਦਾਬਾਦ, ਮੁਰਦਾਬਾਦ
(8) ਖਾਲਿਸਤਾਨੀ ਦਹਿਸ਼ਤਗਰਦਾਂ ਨੂੰ,
ਭਾਂਜ ਦਿਉ ਭਾਂਜ ਦਿਉ।
(9) ਨਿਰਦੋਸ਼ਾਂ ਦੇ ਜੋ ਕਤਲ ਨੇ ਕਰਦੇ,
ਗੋਲੇ ਉਹ ਅਮਰੀਕਨ ਫਿਰ ਦੇ !
(10) ਬੇਗੁਨਾਹਾਂ ਦੇ ਕਾਤਲ,
ਮੁਰਦਾਬਾਦ, ਮੁਰਦਾਬਾਦ।
(11) ਬੁੱਢੇ, ਬੱਚੇ ਤੇ ਔਰਤਾਂ ਦੇ ਕਾਤਲ,
ਮੁਰਦਾਬਾਦ, ਮੁਰਦਾਬਾਦ।
(12) ਆਜ਼ਾਦੀ ਦੇ ਰਾਖਿਆਂ ਦੇ ਕਾਤਲ,
ਦੇਸ਼ ਧਰੋਹੀ, ਦੇਸ਼ ਧਰੋਹੀ।
(13) ਮਜਦੂਰਾਂ, ਕਿਸਾਨਾਂ ਦੇ ਰਾਖਿਆਂ ਦੇ ਕਾਤਲਾਂ ਨੂੰ,
ਫਾਹੇ ਲਾਉ, ਫਾਹੇ ਲਾਉ।
(14) ਕਮਿਊਨਿਸਟਾਂ ਦੇ ਕਾਤਲ, ਕਿਸਾਨ ਦੁਸ਼ਮਣ, ਮਜਦੂਰ ਦੁਸ਼ਮ
(15) ਸ਼ਹੀਦੋ ਤੁਹਾਡਾ ਕਾਜ ਅਧੂਰਾ,
ਲਾਕੇ ਜਿੰਦਗੀਆਂ ਕਰਾਂਗੇ ਪੂਰਾ।
(16) ਹਰ ਤਰਾਂ ਦੇ ਫਿਰਕਾਪ੍ਰਸਤ ਮੁਰਦਾਬਾਦ,
ਮੁਰਦਾਬਾਦ ! ਮੁਰਦਾਬਾਦ !!
(17) ਪੰਜਾਬੀ ਲੋਕਾਂ ਦਾ ਏਕਾ, ਜਿੰਦਾਬਾਦ !
(18) ਹਿੰਦੂ ਸਿੱਖ ਨੂੰ ਜੋ ਲੜਾਵੇ
ਉਹ ਦੇਸ਼ ਦਾ ਵੈਰੀ ਹੈ।
ਭਾਈ ਭਾਈ ਵਿਚ ਵੰਡੀਆਂ ਪਾਵੇ
ਉਹ ਦੇਸ਼ ਦਾ ਵੈਰੀ ਹੈ।
(19) ਹਿੰਦੂ ਸਿੱਖ ਏਕਤਾ ਜਿੰਦਾਬਾਦ
(20) ਸਨ ਸੰਤਾਲੀ ਬਣਨ ਨਹੀਂ ਦੇਣਾ
ਹਿੰਦੂ ਸਿੱਖ ਨੂੰ ਲੜਨ ਨਹੀਂ ਦੇਣਾ
(21) ਮੌਜੂਦਾ ਸਥਿਤੀ ਦੀ ਮੁਖ ਜਿਮੇਂਵਾਰ,
ਕੇਂਦਰ ਸਰਕਾਰ।
(22) ਕੇਂਦਰ ਸਰਕਾਰ ਦੀਆਂ ਮੌਕਾਪ੍ਰਸਤ ਨੀਤੀਆਂ ਨੂੰ,
ਭਾਂਜ ਦਿਉ, ਭਾਂਜ ਦਿਉ।
(23) ਪੰਜਾਬ ਮਸਲੇ ਦਾ, ਸਿਆਸੀ ਹੱਲ ਕਰੋ,
ਸਿਆਸੀ ਹੱਲ ਕਰੋ।
(24) ਤੰਗ ਸਿਆਸੀ ਹਿੱਤਾਂ ਖਾਤਰ
ਹੋਰ ਅੱਗ ਮਚਾਵੋ ਨਾ,
ਬੋਲੀ, ਮਜ਼ਬਾਂ ਜਾਤਾਂ ਉਤੇ
ਲੋਕਾਂ ਵਿਚ ਵੰਡੀਆਂ ਪਾਵੋ ਨਾ !
(25) ਅੱਤਵਾਦ-ਵੱਖਵਾਦ ਤੋਂ ਜੋ ਨਿਖੇੜਾ ਨਹੀਂ ਕਰਦੇ,
ਪੰਜਾਬ ਮਸਲੇ ਲਈ ਉਹ ਵੀ ਜਿਮੇਂਵਾਰ, ਉਹ ਵੀ ਜਿਮੇਂਵਾਰ।



ਜ਼ਿਲਾ ਜਲੰਧਰ ਦੇ ਇਕ ਪਿੰਡ ਵਿਚ ਮਾਰਚ ਕਰ ਰਿਹਾ ਜਥਾ



ਪਿੰਡ ਲੌਂਗੋਵਾਲ ਵਿਖੇ ਮਾਰਚ ਕਰਦੇ ਜਥੇ ਦੀ ਅਗਵਾਈ ਕਰਦੇ ਹੋਏ ਮਾਸਟਰ ਚੰਦ ਸਿੰਘ ਚੋਪੜਾ, ਜਥੇਦਾਰ ਜੰਗੀਰ ਸਿੰਘ ਕੋਲਸੇੜੀ, ਗੋਬਿੰਦ ਸਿੰਘ ਲੌਂਗੋਵਾਲ, ਜਥੇਦਾਰ ਗੁਰਦਿਆਲ ਸਿੰਘ ਤੇ ਬੀਬੀ ਸ਼ਮਿੰਦਰ ਕੌਰ ਗਿੱਲ।



ਪਿੰਡ ਬੀਣੇਵਾਲ ਹੁਸ਼ਿਆਰਪੁਰ ਵਿਖੇ ਮਾਰਚ ਕਰ ਰਿਹਾ ਜਥਾ

(26) ਲੋਕਾਂ ਦੇ ਜਾਨ ਤੇ ਮਾਲ ਲਈ, ਸੁਰਖਿਆ ਪਰਦਾਨ ਕਰੋ !
ਸੁਰਖਿਆ ਪਰਦਾਨ ਕਰੋ !!
(27) ਘਟਗਿਣਤੀਆਂ ਦੀ ਰਖਿਆ ਯਕੀਨੀ ਬਣਾਉ !
ਯਕੀਨੀ ਬਣਾਉ !!
(28) ਪੰਜਾਬ ਦੀ ਆਰਥਿਕਤਾ ਨੂੰ ਤਬਾਹੀ ਤੋਂ ਬਚਾਉ
(29) ਸਨਅੱਤਾਂ ਤੇ ਕਾਰੋਬਾਰ, ਤਬਾਹੀ ਤੋਂ ਬਚਾਉ,
(30) ਦੁਨੀਆ ਭਰ ਦੇ ਕਿਰਤੀਓ
ਤੀਜੀ ਜੰਗ ਨੂੰ ਮਿਲਕੇ ਰੋਕੋ ।
ਅਮਨ ਤਾਕਤਾਂ ਜ਼ਿੰਦਾਬਾਦ, ਜ਼ਿੰਦਾਬਾਦ ।
(31) ਹਿੰਦ ਕਮਿਊਨਿਸਟ ਪਾਰਟੀ (ਮਾਰਕਸਵਾਦੀ)
ਜ਼ਿੰਦਾਬਾਦ, ਜ਼ਿੰਦਾਬਾਦ !!



ਲੌਂਗੋਵਾਲ (ਸੰਗਰੂਰ) ਵਿਖੇ ਮਾਰਚ ਤੋਂ ਪਹਿਲਾਂ ਹੋਈ ਰੈਲੀ ਵਿਚ ਸਟੇਜ ਦਾ ਇਕ ਦ੍ਰਿਸ਼ ।

## ਲੋਕਤਾ ਅਤੇ ਲੋਕ ਲਹਿਰ ਲਈ ਸਹਾਇਤਾ

- ਸਾਥੀ ਤਰਲੋਕ ਸਿੰਘ, ਅਮਰੀਕ ਸਿੰਘ ਅਤੇ ਸਾਥੀਆਂ ਵਲੋਂ ਅਮਰੀਕਾ ਤੋਂ — 100 ਡਾਲਰ ਅਮਰੀਕਨ (ਲੋਕਤਾ ਲਈ)
- ਸਾਥੀ ਜੁਗਿੰਦਰ ਸਿੰਘ ਸੰਘੇੜਾ — 20 ਡਾਲਰ (ਲੋਕਤਾ ਲਈ)
- ਸਾਥੀ ਗੁਰਨਾਮ ਸਿੰਘ ਅਤੇ ਹਰਮਿੰਦਰ ਕੌਰ ਸੰਘੇੜਾ — 100 ਡਾਲਰ ਲੋਕਤਾ ਲਈ
  200 ਡਾਲਰ ਲੋਕ ਲਹਿਰ ਲਈ
- ਸਾਥੀ ਅਮਰਜੀਤ ਸਿੰਘ ਅਤੇ ਬਲਿੰਦਰ ਕੌਰ ਜੌਹਲ — 200 ਡਾਲਰ ਲੋਕ ਲਹਿਰ ਲਈ
- ਸਾਥੀ ਸੁਰਜੀਤ ਸਿੰਘ ਅੱਟਾ ਭਾਣਜੀ ਦੀ ਸ਼ਾਦੀ ਦੀ ਖੁਸ਼ੀ ਵਿਚ — 200 ਡਾਲਰ ਲੋਕ ਲਹਿਰ ਲਈ ।



ਗੜ੍ਹਸ਼ੰਕਰ (ਹੁਸ਼ਿਆਰਪੁਰ) ਵਿਖੇ ਜਥੇ ਦੇ ਮਾਰਚ ਕਰਨ ਤੋਂ ਪਹਿਲਾਂ ਲਈ ਗਈ ਇਕ ਤਸਵੀਰ


# MODREN PARTY RENTAL

4359 Fraser St., Vancouver, B.C.

- ਵਿਆਹ ਸ਼ਾਦੀਆਂ ਅਤੇ ਪਾਰਟੀਆਂ ਲਈ ਹਰ ਤਰ੍ਹਾਂ ਦੇ ਬਰਤਨ ਕਿਰਾਏ ਉਪਰ ਸਾਡੇ ਕੋਲੋਂ ਲੈਣ ਲਈ

**879-6471** ਉਪਰ ਫੂਨ ਕਰੋ

- ਫੁੱਲਾਂ ਅਤੇ ਨੈਪਕਿੰਨਜ਼ ਤੱਕ ਹਰ ਤਰ੍ਹਾਂ ਦਾ ਸਾਮਾਨ ਬਹੁਤ ਹੀ ਬਾਜਵ ਕਿਰਾਏ ਉਪਰ ਮਿਲਦਾ ਹੈ ।
- ਹਰ ਕਿਸਮ ਦੀ ਸੁਆਦੀ ਅਤੇ ਭਾਂਤ ਭਾਂਤ ਦੇ ਖਾਣੇ, ਵੱਡੀ ਤੋਂ ਵੱਡੀ ਪਾਰਟੀ ਲਈ ਤਿਆਰ ਕਰਨ ਲਈ ਅਤੇ ਵਰਤਾਉਣ ਲਈ, ਬੀ. ਸੀ. ਭਰ ਵਿਚ ਮਸ਼ਹੂਰ ਅਤੇ ਲੋਇਰਮੇਨ ਲੈਂਡ ਵਿਚ ਤੁਹਾਡਾ ਆਪਣਾ ਰੈਸਟੋਰੈਂਟ ਸੇਵਾ ਲਈ ਹਾਜ਼ਰ ਹੈ : ਤੁਹਾਡਾ ਮਨ ਪਸੰਦ :

## ਮੋਤੀ ਮਹਿਲ ਰੈਸਟੋਰੈਂਟ

**6540 Main St., Vancouver, B.C.** **Ph. 321-3223**

2nd class Mail Reg. No. 6794
Monthly Magazine
The
Lokta
P.O.Box 67534 STN.'O'
VANCOUVER, B.C. V5W 3T9





SHAN
SAREES &
DRAPERY LTD.

ਪੰਜਾਬੀ ਮਾਰਕਿਟ
ਵਿੱਚ ਆਉਣ ਸਮੇਂ
ਹੋਰ ਛਾਂਗੀਆਂ
ਗਈਆਂ ਕੀਮਤਾਂ
ਤੇ ਨਵੇਂ ਪੁੱਜੇ ਮਾਲ
ਨੂੰ ਦੇਖੇ ਬਗੈਰ ਨਾ
ਜਾਓ!!!

ਪੰਜਾਬੀ ਮਾਰਕੀਟ ਵਿਚ
ਸੂਟ - ਸਾੜ੍ਹੀਆਂ ਅਤੇ ਵਧੀਆ ਪਰਦੇ ਬਣਵਾਉਣ ਲਈ ਇਕ ਭਰੋਸੇਯੋਗ ਸਟੋਰ

ਪਰਦਿਆਂ ਅਤੇ ਡਰੇਪਰੀ ਟਰੈਕ ਦੇ ਲਗਵਾਣ ਦੇ ਮੁਫਤ ਐਸਟੀਮੇਟ ਲਈ ਅਸੀਂ ਹਮੇਸ਼ਾ ਹਾਜ਼ਰ ਹਾਂ

ਪਰਦਿਆਂ ਦੇ ਕੱਪੜਿਆਂ 'ਤੇ ਹਮੇਸ਼ਾਂ ਹੀ ਕੁਝ ਨਾ ਕੁਝ
ਜ਼ਰੂਰ OFF ਮਿਲਦਾ ਹੈ।

ਕੋਈ ਵੀ ਚੀਜ਼ ਖ਼ਰੀਦਣ ਤੋਂ ਪਹਿਲਾਂ ਸਾਡੀਆਂ ਕੀਮਤਾਂ ਨੂੰ ਚੈਕ ਜ਼ਰੂਰ ਕਰੋ
ਤੁਹਾਨੂੰ ਜੀ ਆਇਆਂ ਅਤੇ ਚੰਗੀ ਸਰਵਿਸ ਦੇਣ ਲਈ ਸਾਡਾ ਸਟਾਫ ਹਮੇਸ਼ਾ
ਖੁਸ਼ੀ ਮਹਿਸੂਸ ਕਰੇਗਾ।

ਸ਼ਾਨ ਸਾੜ੍ਹੀਜ਼ ਐਂਡ ਡਰੇਪਰੀ ਲਿਮਿ:

6543 MAIN ST. [BETWEEN 49TH. & 50TH.]
VANCOUVER, PH: 321-1955. 321-0847